ਬਾਬ-50ੳ

## ਤੀਜੀ ਉਦਾਸੀ: ਭਾਗ -2, ਸਿੱਧ ਗੋਸਟਿ

# ਸਿੱਧ ਗੋਸਟਿ ਅਰਥਾਤ ਨਾਮ ਦਾ ਸਿਧਾਂਤ

(ਸੁਮੇਰ ਪਰਬਤ ਤੇ ਸਿੱਧਾਂ ਜੋਗੀਆਂ ਨਾਲ ਗਲਬਾਤ)

ਵਿਆਖਿਆ

ਕਿਉਕਿ ਜੋਗੀ ਲੋਕ ਸਮਾਧੀ ਲਾ ਚੁੱਪ ਚਾਪ ਬੈਠੇ ਰਹਿੰਦੇ ਨੇ। ਸੁਰਤ ਜਿਧਰ ਜਿਧਰ ਜਾਂਦੀ ਹੈ ਬਸ ਓਸੇ ਤੇ ਧਿਆਨ ਕਰੀ ਜਾਂਦੇ ਨੇ। ਗੁਰੂ ਸਾਹਿਬ ਨੇ ਇਸ ਤੌਰ-ਤਰੀਕੇ ਦਾ ਖੰਡਣ ਕੀਤਾ ਹੈ ਤੇ ਉਪਦੇਸ਼ ਦਿੱਤਾ ਹੈ ਨਿਰੰਕਾਰ ਦੀ ਸਿਫਤ ਸਾਲਾਹ ਜਾਂ ਜੱਸ ਕਹਿਣ, ਗਾਉਣ ਤੋਂ ਬਿਨਾਂ ਭਗਤੀ ਵਿਅੱਰਥ ਹੈ। ਰੱਬ ਦੇ ਗੁਣਗਾਨ ਨੂੰ ਨਾਮ ਕਿਹਾ ਹੈ ਤੇ ਕਿਹਾ ਹੈ ਕਿ ਨਾਮ ਹੀ ਉਸ ਦੀ ਪ੍ਰਾਪਤੀ ਦਾ ਇਕੋ ਇੱਕ ਰਸਤਾ ਹੈ। **"ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥"**

ਸੁਮੇਰ ਭਾਵ ਕੈਲਾਸ਼ ਪਰਬਤ ਤੇ ਸਿੱਧ ਜੋਗੀਆਂ ਤੇ ਗੁਰੂ ਸਾਹਿਬ ਦੇ ਸਵਾਲ (?)- ਜਵਾਬ (➡)। ਇਹ ਗੋਸ਼ਟੀ ਭਾਵ ਗੱਲ ਬਾਤ ਰਾਮਕਲੀ ਰਾਗ ਵਿੱਚ 'ਸਿਧ ਗੋਸਟਿ' ਗੁਰੂ ਗ੍ਰੰਥ ਸਾਹਿਬ ਦੇ ਅੰਗ 938 ਤੋਂ 946 ਤੱਕ ਸਭਾਇਮਾਨ ਹੈ। ਉਂਜ ਹੋਰ ਵੀ ਅਨੇਕਾਂ ਥਾਵਾਂ ਤੇ ਜੋਗੀਆਂ ਦੇ ਮੱਠਾਂ ਤੇ ਗੁਰੂ ਸਾਹਿਬ ਨੇ ਜਾ ਜਾ ਪ੍ਰਚਾਰ ਕੀਤਾ। ਪਰ 'ਸਿਧ ਗੋਸਟਿ' ਤੀਸਰੀ ਉਦਾਸੀ ਵੇਲੇ 1519 ਦੀਆਂ ਗਰਮੀਆਂ ਵਿਚ ਹਿਮਾਚਲੀ ਪਹਾੜਾਂ ਤੇ ਹੋਈ ਹੈ।

ਇਥੇ ਆਪਣੀ ਤੁੱਛ ਜਿਹੀ ਅਕਲ ਅਨੁਸਾਰ ਸਿਰਫ ਗੋਸਟਿ ਦਾ ਭਾਵ ਅਰਥ ਦੇਣ ਦੀ ਕੋਸ਼ਿਸ਼ ਕੀਤੀ ਹੈ। ਪਾਠਕ ਨੂੰ ਚਾਹੀਦਾ ਹੈ ਕਿ ਮੂਲ ਸਿਧ ਗੋਸਟਿ ਨਾਲ ਨਾਲ ਪੜੇ।◉ ਬਰੈਕਟਾਂ ਵਿਚ ਮੂਲ ਸਿਧ ਗੋਸਟਿ ਦੀ ਤੁਕ ਦਾ ਨੰਬਰ ਦਿੱਤਾ ਹੈ। ਸਾਰੀ ਬਾਣੀ ਗੁਰੂ ਸਾਹਿਬ ਦੀ ਹੀ ਲਿਖਤ ਹੈ। ਸਵਾਲ ਸਿੱਧਾਂ ਜੋਗੀਆਂ ਦੇ ਮੰਨ ਕੇ ਚਲੀਏ। ਜਵਾਬ ਗੁਰੂ ਸਾਹਿਬ ਦੇ ਨੇ :-

ਸਵਾਲ (?) - ਬੱਚੇ ਤੁਸੀ ਕੌਣ ਹੁੰਦੇ ਹੋ? ਤੇਰਾ ਨਾਂ ਕੀ ਹੈ? ਕਿਥੋਂ ਦੇ ਰਹਿਣ ਵਾਲੇ ਹੋ? ਇਥੇ ਕਿਸ ਤਰਾਂ ਪਹੁੰਚੇ ? (2)

ਜਵਾਬ (➡) ਨਾਨਕ ਮੇਰਾ ਨਾਂ ਹੈ। ਅਕਾਲ ਪੁਰਖ ਦੇ ਭਾਣੇ 'ਚ ਤੁਰਿਆ ਫਿਰਦਾ ਹੀ ਰਹਿੰਦਾ ਹਾਂ। ਸਾਡੇ ਜੀਆਂ ਦਾ ਕਿਹੜਾ ਟਿਕਾਣਾ? ਸਥਿਰ ਟਿਕਾਣਾ ਤਾਂ ਸਿਰਫ ਨਿਰੰਕਾਰ ਪ੍ਰਭੂ ਦਾ। (3)

? - ਇਹ ਜੀਵਨ ਜਾਂ ਦੁਨੀਆ ਭਿਆਨਕ ਤੇ ਅਥਾਹ ਸਾਗਰ ਹੈ, ਕਿਵੇ ਪਾਰ ਲੰਘੀਏ ਇਸ ਤੋਂ? ਗੁਰੂ ਦੇ ਦਰ ਤੋਂ ਕਿਵੇ ਪ੍ਰਾਪਤੀ ਹੋ ਸਕਦੀ ਹੈ?

➡ ਜਿਵੇ ਮੁਰਗਾਬੀ ਪਾਣੀ ਵਿੱਚ ਤਰਦੀ ਰਹਿੰਦੀ ਹੈ ਜਾਂ ਜਿਵੇ ਚਿੱਕੜ ਵਿੱਚ ਸੁਹਣਾ ਕਮਲ ਫੁੱਲ ਖਿੜਦਾ ਹੈ, ਐਨ ਏਸੇ ਤਰਾਂ ਇਸ ਜੀਵਨ ਸਮੁੰਦਰ ਵਿੱਚ ਆਪਾਂ ਤਰ ਸਕਦੇ ਹਾਂ ਜੇ ਸਾਡਾ ਮੰਨ ਸ਼ਬਦ ਨਾਲ ਜੁੜਿਆ ਰਹੇਗਾ ਤਾਂ। ਦੁਨੀਆ ਆਸਾਂ ਉਮੀਦਾਂ 'ਚ ਜੀਉਂਦੀ ਹੈ ਅਸੀ ਨਾਮ ਦੇ ਸਹਾਰੇ ਇਸ ਆਸਵੰਦ ਜਗਤ ਵਿੱਚ ਸੱਚ ਨੂੰ ਪਛਾਣਦੇ ਹੋਏ, ਚੜ੍ਹਦੀ ਕਲ੍ਹਾ ਵਿੱਚ ਜੀਉਂਦੇ ਹਾਂ। (5)

?- ਇਹ ਕਿਵੇ ਹੋ ਸਕਦਾ ਹੈ ਕਿ ਗੁਰੂ ਦੇ ਦਰ ਤੇ ਗਇਆਂ ਸਾਡਾ ਮਨ ਸ਼ਾਂਤ ਹੋ ਜਾਵੇਗਾ?

➡ ਨਾਮ ਦੇ ਆਸਰੇ ਨਾਲ ਜਦੋਂ ਤੁਸੀ ਜੀਵਨ ਦੇ ਸੱਚ ਨੂੰ ਪਛਾਣ ਲਵੋਗੇ ਤਾਂ ਮੰਨ ਠਹਿਰਾਓ ਵਿੱਚ ਆ ਜਾਵੇਗਾ। (6)

? - ਜੋਗ ਮਤ ਦੇ ਗਿਆਨ ਅਨੁਸਾਰ, ਭਾਈ ਅਸੀ ਤਾਂ ਘਰ ਬਾਰ ਤੋਂ ਸੁਰਖਰੂ ਹੋ ਚੁੱਕੇ ਹਾਂ ਸਭ ਕੁਝ ਤਿਆਗ ਦਿੱਤਾ ਹੈ। ਬਾਹਰੋਂ ਕੰਦ ਮੂਲ ਖਾ ਕੇ ਗੁਜਾਰਾ ਕਰੀ ਜਾਈਦਾ ਹੈ। ਫਿਰ ਤੀਰਥ ਯਾਤਰਾ ਕਰਦੇ ਮਸਤ ਰਹੀਦਾ ਹੈ। ਕੋਈ ਫਿਕਰ ਚਿੰਤਾ ਨਹੀ।

ਦੱਸੋ ਤੁਹਾਡਾ ਕੀ ਰਾਹ ਹੈ? (7)

ਜਵਾਬ - ਸੁਆਮੀ ਜੀ ਤੁਸੀ ਗਲਤ ਕਹਿ ਰਹੇ ਹੋ। ਘਰ ਤਾਂ ਛੱਡ ਦਿੱਤਾ ਤੁਸਾਂ, ਪਰ ਮੰਨ ਤਾਂ ਤੁਹਾਡਾ ਸਦਾ ਭਟਕਦਾ ਹੀ ਰਹਿੰਦਾ ਵਾ। ਨਾਮ ਤੋਂ ਬਿਨਾਂ, ਜੀਵਨ ਦੇ ਸੱਚ ਨੂੰ ਸਮਝੇ ਬਗੈਰ ਮੰਨ ਵਿੱਚ ਟਿਕਾਓ ਆ ਹੀ ਨਹੀ ਸਕਦਾ, ਮੰਨ ਦੀ ਭੁੱਖ ਨਹੀ ਮਰਦੀ। ਅਸੀ ਤਾਂ ਗ੍ਰਿਸਤ ਵਿੱਚ ਰਹਿ ਕੇ ਹੀ ਸੰਜਮ ਵਿੱਚ ਹਾਂ। (ਖਾਨੇ ਵੀ ਥੋੜਾ ਆਂ, ਸੌਂਨੇ ਵੀ ਆਂ।) (8)

ਸਵਾਲ (ਜੋਗੀ ਜੋਗਿੰਦਰ)- ਐ ਨਾਨਕ! ਤੁਸੀ ਵੀ ਜੋਗ ਦੀ ਵਿੱਚਾਰਧਾਰਾ ਗ੍ਰਿਹਣ ਕਰੋ। ਸਾਧੂ ਭੇਖ ਧਾਰਨ ਕਰੋ। ਬਾਰਾਂ ਪੰਥਾਂ ਵਿੱਚੋਂ ਕੋਈ ਰਾਹ ਚੁਣ ਲਓ। ਜੋਗ-ਜੁਗਤ ਨਾਲ ਹੀ ਸਿਰਫ ਤੁਹਾਡਾ ਕਲਿਆਣ ਹੋ ਸਕਦਾ ਹੈ। (9)

➡ ਤੁਸੀ ਕੰਨੀ ਮੁੰਦਰਾਂ ਪਵਾਉਣਾ ਚਾਹੁੰਦੇ ਹੋ ਮੈਨੂੰ? ਮੈਂ ਤਾਂ ਹਿਰਦੇ ਵਿੱਚ ਹੀ ਮੁੰਦਰੀ ਪਾ ਲਈ ਹੈ, ਸ਼ਬਦ ਦੀ। ਜਿਸ ਕਰਕੇ ਮੈਂ ਮੋਹ ਮਾਇਆ ਤੋਂ ਨਿਰਲੇਪ ਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਤੋਂ ਸੁਰਖਰੂ ਹੋ ਗਇਆ ਹਾਂ।(10)

ਕਿਉਕਿ ਨਾਮ ਰਾਂਹੀ ਮੈਂ ਸਾਰੀ ਕਹਾਣੀ ਸਮਝ ਲਈ ਹੈ। ਸੱਚ ਨੂੰ ਸਮਝਣ ਤੇ ਹੁਣ ਮੈਨੂੰ ਸੰਤੋਖ ਆ ਗਇਆ ਹੈ। (11)

ਸਵਾਲ (ਜੋਗੀ)- ਮੁਕਤੀ ਤੋਂ ਕੀ ਸਮਝਦੇ ਹੋ? ਕੁਝ ਸਮਝ ਹੈ ਵੀ ਸਹੀ ਤੁਹਾਨੂੰ? ਕੌਣ ਮੁਕਤ ਹੁੰਦਾ ਹੈ ? ਗੁਪਤ ਕੌਣ? ਕੌਣ 84 ਦੇ ਗੇੜ ਵਿੱਚ ਪਇਆ ਰਹਿੰਦਾ ਹੈ? (12)

➡ ਨਿਰੰਕਾਰ ਗੁਪਤ ਰੂਪ ਵਿੱਚ ਹਰ ਰਚਨਾ ਵਿੱਚ ਹੈ। ਗੁਰਮੁਖ ਸੱਚ ਵਿੱਚ ਸਮਾ ਕੇ ਮੁਕਤ ਹੋ ਜਾਂਦੇ ਨੇ। ਨਿਗੁਰੇ ਮਨਮੁਖ 84 ਦੇ ਗੇੜ ਵਿੱਚ ਭਟਕਦੇ, ਜੰਮਦੇ ਮਰਦੇ ਰਹਿੰਦੇ ਨੇ। (13)

? - ਜੀਵ ਕਿਉ ਦੁੱਖੀ ਹੈ? (14)

ਜਵਾਬ - ਗਿਆਨ ਵਿਹੂਣਾ ਬੰਦਾ ਗਵਾਚਿਆ ਹੋਇਆ ਹੈ ਤੇ ਦੁੱਖੀ ਹੈ। ਸੱਚੇ ਗੁਰੂ ਦੇ ਦਰ ਤੋਂ ਗਿਆਨ ਹਾਸਲ ਕਰਕੇ ਜੀਵਨ ਦਾ ਹਨੇਰਾ ਮਿੱਟ ਜਾਂਦਾ ਹੈ। ਹਉਮੇ ਤੋਂ ਜਦੋਂ ਛੁਟਕਾਰਾ ਹੋ ਜਾਂਦਾ ਹੈ ਤਾਂ ਆਪੇ ਸੁੰਨ (ਖਾਲੀਪਣ) ਹਾਸਲ ਹੋ ਜਾਂਦਾ ਹੈ। (15) (32)
(ਸੁੰਨ ਅਵਸਥਾ ਬੁੱਧ ਮਤ ਦੀ ਧਾਰਣਾ ਹੈ ਜਿੰਨੂ ਜੋਗੀਆਂ ਵੀ ਅਪਣਾ ਲਿਆ ਹੈ)

? - ਕੀ ਲਭਦੇ ਪਏ ਹੋ? ਘਰ ਬਾਰ ਕਿਓ ਛੱਡ ਦਿੱਤਾ?(17)

➡ ਵੱਖ ਵੱਖ ਵਿੱਚਾਰਧਾਰਾਵਾਂ ਦੀ ਖੋਜ ਕਰ ਰਿਹਾ ਹਾਂ। ਕਿੱਥੇ ਕਿੱਥੇ ਸੱਚ ਹੈ ਇਹ ਵੇਖ ਰਿਹਾ ਹਾਂ। (18)

? - ਬੱਚੇ ਤੂੰ ਕਿਸ ਜੁਗਤ ਨਾਲ ਆਪਣੀ ਇਛਾਵਾਂ, ਆਸਾਂ ਉਮੀਦਾਂ ਖਤਮ ਕੀਤੀਆਂ। ਇਹ ਅੱਕ ਕਿਵੇ ਚੱਬਿਆ? (19)

ਪੈਰ ਸਫਾ
◉ ਕਿਤਾਬ ਨੂੰ ਹੋਰ ਜਿਆਦਾ ਮੋਟੀ ਹੋਣ ਤੋਂ ਬਚਾਉਦਿਆਂ ਅਸੀ ਸਿਧ ਗੋਸਟਿ ਪਾਠਕ ਦੀ ਸਹੂਲਤ ਲਈ ਵੈਬ ਸਾਈਟ ਤੇ ਵੀ ਦੇ ਦਿਆਂਗੇ। ਕਿਰਪਾ ਕਰਕੇ ਵੇਖ ਲੈਣਾ: www.jindaginama.com

➡ ਸਤਿਗੁਰ ਦੀ ਸ਼ਰਨ ਵਿੱਚ ਜਾ ਕੇ, ਸ਼ਬਦ ਤੇ ਗਿਆਨ ਨੇ ਮੇਰੀਆਂ ਇਛਾਵਾਂ ਮੁਕਾ ਦਿੱਤੀਆਂ ਤੇ ਮੈਂ ਅੱਜ ਹਰ ਜੀਅ ਵਿੱਚ ਨਿਰੰਕਾਰ ਦੀ ਜੋਤ ਅਨੁਭਵ ਕਰ ਸਕਦਾ ਹਾਂ। ਤਿੰਨੇ ਗੁਣ (ਰਜੋ, ਸਤੋ, ਤਮੋ) ਦੇ ਮਿੱਟਣ ਕਰਕੇ ਇਹ ਲੋਹਾ ਚੱਬ ਸਕਦਾ ਹਾਂ। ਮੈਨੂੰ ਪਤਾ ਹੈ, ਮੁਕਤੀ ਤਾਂ ਨਿਰੰਕਾਰ ਦੀ ਬਖਸ਼ਸ਼ ਸਦਕਾ ਹੈ। (20)

? - ਉਹ ਕਿਹੜੇ ਲੋਕ ਨੇ ਜਿੰਨਾਂ ਸੁੰਨ ਅਵਸਥਾ ਹਾਸਲ ਕੀਤੀ। ਮੌਤ ਦਾ ਡਰ ਕਿਵੇ ਮੁਕੇਗਾ ਕਿਵੇ ਨਿਰਭਉ ਅਵਸਥਾ ਹਾਸਲ ਹੋਵੇਗੀ? (21)

➡ ਸਬਰ, ਸੰਤੋਖ ਭਾਵ ਭਾਣਾ ਮੰਨਦਿਆਂ ਤੇ ਗੁਰੂ ਦੇ ਸ਼ਬਦ ਰਾਂਹੀ ਹਉਮੇ ਰੁਪੀ ਜ਼ਹਿਰ ਨੂੰ ਮੁਕਾਉਣ ਨਾਲ ਰਚਨਹਾਰ ਦੀ ਹੋਂਦ ਦਾ ਅਹਿਸਾਸ ਹੋਵੇਗਾ। (21)

? - ਜੀਵ ਕਿਥੋਂ ਆਉਦਾ ਹੈ ਤੇ ਕਿਥੇ ਜਾਂਦਾ ਹੈ? (22)

➡ ਨਿਰੰਕਾਰ ਦਾ ਇੱਕ ਖੇਲ ਚਲ ਰਿਹਾ ਹੈ ਉਸਦੇ ਹੁਕਮ ਤਹਿਤ ਹੀ ਜੀਅ ਪੈਦਾ ਹੁੰਦੇ ਤੇ ਮਰਦੇ ਖਪਦੇ ਰਹਿੰਦੇ ਨੇ। ਸੱਚ ਨਾਲ ਜੁੱੜੇ ਰਹਿਣ ਤੇ ਸ਼ਬਦ ਰਾਂਹੀ ਫਿਰ ਮੁਕਤੀ ਦੀ ਪ੍ਰਾਪਤੀ ਹੈ। (22)

ਮੁੱਢਲਾ ਸਿਧਾਂਤ ਇਹ ਹੈ ਕਿ ਗਿਆਨ ਰਾਂਹੀ ਸ੍ਰਿਸਟੀ ਦੇ ਰਚਨਹਾਰ ਨੂੰ ਖੋਜਣਾ, ਪਛਾਨਣਾ, ਨਿਰੰਕਾਰ ਦੇ ਹੁਕਮ ਤੇ ਸੱਚ ਦੀ ਅਹਿਮੀਅਤ ਸਮਝਣਾ। (23)

ਫਿਰ ਸਮਝ ਆਏਗੀ ਕਿ ਕਿਵੇ ਉਹ ਨਿਰਗੁਣ ਤੋਂ ਸਰਗੁਣ ਸਰੂਪ ਬਦਲਦਾ ਹੈ। ਜੰਮਣ ਮਰਨ ਤੋਂ ਜੀਅ ਦੀ ਮੁਕਤੀ ਸਤਿਗੁਰ ਦੇ ਦਿੱਤੇ ਗਿਆਨ ਕਰਕੇ ਸ਼ਬਦ ਦੇ ਆਸਰੇ ਹੀ ਹੋ ਸਕਦੀ ਹੈ, ਉਹ ਵੀ ਤਾਂ ਜੇ ਨਿਰੰਕਾਰ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ। ਇਹ ਤਾਂ ਜੀਂਦੇ ਜੀ ਮਰਨ ਵਾਲੀ ਗੱਲ ਹੈ ਫਿਰ ਸਭ ਕੁਝ ਸਮਝ ਆ ਜਾਂਦਾ ਹੈ, ਜਦੋਂ ਹਉਮੇ ਦੀ ਕਹਾਣੀ ਸਮਝ ਆਉਦੀ ਹੈ ਤਾਂ। (24)

ਉਸ ਸੱਚੇ ਨਿਰੰਕਾਰ ਤੋਂ ਰਚਨਾ ਪੈਦਾ ਹੁੰਦੀ ਹੈ ਤੇ ਓਸੇ ਵਿੱਚ ਹੀ ਸਮਾ ਜਾਂਦੀ ਹੈ। ਜਿਹੜੇ ਸਬਦ ਦੇ ਲੜ ਲੱਗੇ ਨੇ ਉਹ ਸੁਖੀ ਨੇ ਤੇ ਨਾਮ ਵਿਹੂਣੇ ਮਨਮੁਖ ਅਗਿਆਨਤਾ ਕਰਕੇ ਭਟਕ ਰਹੇ ਨੇ ਤੇ ਦੁੱਖੀ ਨੇ। (25)

ਮਨਮੁਖ ਭੁੱਲੜ ਮੜੀਆਂ ਮਸਾਣਾਂ ਵਿੱਚ ਜਾ, ਜੰਤਰ ਮੰਤਰ ਪਏ ਕਰਦੇ ਫਿਰਦੇ ਨੇ। ਬੇਗਾਨੀਆਂ ਵਲ ਧਿਆਨ ਹੁੰਦਾ ਹੈ। ਪਰ ਜਿਹੜੇ ਸੱਚ ਨਾਲ ਜੁੜੇ ਨੇ ਉਹ ਅਨੰਦ ਵਿੱਚ ਹਨ। (26)

ਗੁਰੂ ਦੇ ਸਿੱਖ (ਗੁਰਮੁਖ) ਸੱਚੇ ਨਿਰੰਕਾਰ ਦਾ ਮੰਨ ਵਿੱਚ ਡਰ ਰੱਖਦੇ ਹਨ। ਬਾਣੀ ਪੜ੍ਹਦੇ, ਹਰੀ ਦੇ ਗੁਣ ਗਾਉਦੇ ਗਾਉਦੇ ਉਤਮ ਪਦਮੀ ਪਾ ਜਾਂਦੇ ਨੇ। ਗੁਰਮੁਖ ਤਾਂ ਸੁਆਸ ਸੁਆਸ ਨਾਲ ਹਰੀ ਦੀ ਅਰਾਧਨਾ ਕਰਦੇ ਹਨ। (27)

ਗੁਰੂ ਤੁਹਾਨੂੰ ਵੇਦ ਗਿਆਨ ਦੀ ਵਾਕਫੀਅਤ ਕਰਾ ਦਿੰਦਾ ਹੈ। ਆਹ ਜਿਹੜੀਆਂ ਬਾਰ ਬਾਰ ਅੰਦਰ ਦੀਆਂ ਗੱਲਾਂ ਕਰਦੇ ਹੋ ਸਤਿਗੁਰੂ ਇਸ ਬਾਬਤ ਸਾਰਾ ਗਿਆਨ ਕਰਾ, ਤੁਹਾਨੂੰ ਮੁਕਤ ਕਰ ਦਿੰਦਾ ਹੈ। (28)

ਗੁਰੂ ਦੀ ਸ਼ਰਨ ਗਇਆ ਤੁਹਾਡਾ ਹਉਮੇ ਤੋਂ ਛੁਟਕਾਰਾ ਹੋ ਜਾਂਦਾ ਹੈ। ਜਿਹੜੀ ਤੁਸੀ ਰਹੱਸਾਂ ਦੀ ਗੱਲ ਪਏ ਕਰਦੇ ਹੋ ਉਹ ਸਭ ਖੁੱਲ ਜਾਂਦੇ ਹਨ। (ਸੁਣਿਐ ਜੋਗੁ ਜੁਗਤਿ ਤਨੁ ਭੇਦੁ) (29)

ਇਹ ਸ੍ਰਿਸਟੀ ਦੀ ਰਚਨਾ ਤੇ ਫਿਰ ਇਥੇ ਜੋ ਖੇਲ ਰਚਾਇਆ ਕਰਤੇ ਨੇ ਇਹ ਸਾਰਾ ਗਿਆਨ ਤੁਹਾਨੂੰ ਸਬਦ ਰਾਂਹੀ ਮਿਲੇਗਾ। ਸੱਚੇ ਗਿਆਨ ਤੇ ਨਾਮ ਬਿਨਾਂ, ਨਾਂ ਤੁਹਾਨੂੰ ਸਮਾਜ ਵਿੱਚ ਇੱਜਤ ਪੱਤ ਮਿਲੇਗੀ ਤੇ ਨਾਂ ਹੀ ਤੁਹਾਡਾ ਉਧਾਰ ਹੋਵੇਗਾ। (30)

ਗੁਰਮੁਖ ਦੀ ਬੁੱਧ ਰੋਸ਼ਨਾਅ ਜਾਂਦੀ ਹੈ ਜਿਸ ਕਰਕੇ ਉਹਨੂੰ ਮਾੜੇ ਚੰਗੇ ਦੀ ਸੋਝੀ ਹੋ ਜਾਂਦੀ ਹੈ। ਆਪ ਤਰਦਾ ਹੈ ਤੇ ਸਾਥੀਆਂ ਨੂੰ ਵੀ ਨਾਲ ਤਾਰ ਲਿਜਾਂਦਾ ਹੈ। (ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥) (31) (57)

ਨਾਮ ਭਾਵ ਰੱਬ ਦੀ ਸਿਫਤ ਸਲਾਹ ਤੋਂ ਬੋਲਿਆ ਬਗੈਰ ਕੋਈ ਵੀ ਸਬਦ (ਜੰਤਰ, ਮੰਤਰ, ਤੰਤਰ ਆਦਿ) ਸਭ ਬੇਕਾਰ ਹਨ। (33)

ਜੋਗੀਆਂ ਦੇ ਸਾਰੇ 12 ਜਾਂ ਸੰਨਿਆਸੀਆਂ ਦੇ 10 ਫਿਰਕਿਆਂ ਕਿਸੇ ਵਿੱਚੋਂ ਵੀ ਹੋਵੇ ਜੇ ਨਾਮ ਨਹੀ ਜਪਦਾ ਤਾਂ ਐਵੇ ਭਟਕਦਾ ਪਿਆ ਹੈ। (34)

ਗੁਰਮੁਖਾਂ ਨੂੰ ਥਾਂ ਥਾਂ ਠੋਕਰਾਂ ਨਹੀ ਪੈਂਦੀਆਂ। (ਮੰਨੈ ਮਾਰਗਿ ਠਾਕ ਨ ਪਾਇ ॥)-(35)

ਗੁਰਮੁਖਾਂ ਨੂੰ ਸਭਾਵਾਂ ਵਿੱਚ ਮਾਣ ਸਤਿਕਾਰ ਮਿਲਦਾ ਹੈ। (ਮੰਨੈ ਪਤਿ ਸਿਉ ਪਰਗਟੁ ਜਾਇ ॥)-(36, 41)

ਗੁਰਮੁਖਾਂ ਨੂੰ ਸ਼ਾਸਤਰਾਂ ਵੇਦਾਂ ਦੀ ਅਸਲੀਅਤ ਦਾ ਅਹਿਸਾਸ ਹੋ ਜਾਂਦਾ ਹੈ। (ਸੁਣਿਐ ਸਾਸਤ ਸਿਮ੍ਰਿਤਿ ਵੇਦ ॥) - 37

ਨਿਗੁਰਾ ਵਹਿਮਾਂ ਭਰਮਾਂ ਵਿੱਚ ਫਸਿਆ ਰਹਿੰਦਾ ਹੈ। (38)

ਗੁਰਮੁਖ ਹਰ ਥਾਂ ਜਿੱਤਦਾ ਹੀ ਜਿੱਤਦਾ ਹੈ। (ਵਕਤੀ ਤੌਰ ਤੇ ਭਾਵੇ ਦੁਨੀਆਂ ਨੂੰ ਸਮਝ ਨਾਂ ਵੀ ਆਵੇ।) ਏਸੇ ਸਿਧਾਂਤ ਤਹਿਤ ਰਾਮ ਦੀ ਰਾਵਣ ਤੇ ਜਿੱਤ ਹੁੰਦੀ ਹੈ।(39, 40)

ਗੁਰਮੁਖ ਨਾਮ ਦੇ ਲੜ ਲੱਗਾ ਰਹਿੰਦਾ ਹੈ ਭਾਵ ਉਹ ਹਮੇਸ਼ਾਂ ਰੱਬ ਦੇ ਗੁਣ ਗਾਉਦਾ ਰਹਿੰਦਾ ਹੈ। (42)

? - ਤੇਰਾ ਮੂਲ ਕੀ ਹੈ ਜਿਹਦੇ ਆਸਰੇ ਪਿਆ ਫਿਰਦਾ ਏ? ਤੇਰੇ ਗੁਰੂ ਦਾ ਕੀ ਨਾਂ ਹੈ ਜਿਹਦਾ ਤੂੰ ਚੇਲਾ ਏ? (42)

➡ ਸਵਾਮੀ ਜੀ ਸਾਹ ਆਉਦਾ ਹੈ ਤਾਂ ਚਲਾਇਮਾਨ ਹਾਂ। ਸਤਿਗੁਰੂ ਤੋਂ ਸ਼ਬਦ ਵਾਲੀ ਮਤ ਲਈ ਹੈ। ਸਬਦ ਦੀ ਧੁੰਨ ਤੇ ਸੁਰਤ ਰਹਿੰਦੀ ਹੈ। ਕਥਾ ਵੀ ਰੱਬ ਦੀ ਹੀ ਤੇ ਹਉਮੈ ਤੋਂ ਛੁਟਕਾਰਾ ਹੋ ਗਇਆ ਹੈ। ਸੋ ਇਹ ਮੰਨ ਲਓ ਸ਼ਬਦ ਹੀ ਮੇਰਾ ਗੁਰੂ ਹੈ। (44)

? - ਸਾਡਾ ਹੰਕਾਰ, ਸਾਡੀ ਮੈਂ ਮੈਂ ਕਿਵੇ ਮਿਟੇਗੀ? (45)

ਜਵਾਬ - ਸ਼ਬਦ ਦੀ ਕਮਾਈ ਕਰਨੀ ਹੈ ਤੇ ਬਾਕੀ ਰੱਬ ਤੇ ਛੱਡ ਦੇਣਾ ਹੈ। ਉਹਦੇ ਭੈਅ ਵਿੱਚ ਰਹਿਣਾ ਹੈ। ਉਹਦੀ ਕਿਰਪਾ ਦ੍ਰਿਸ਼ਟੀ ਤੇ ਗੱਲ ਮੁਕਣੀ ਏ।(46, 47)

?- ਕਿਹੜਾ ਤਰੀਕਾ ਹੈ ਜਿਸ ਸਦਕਾ ਦੁਨੀਆ ਦੀ ਤਪਸ਼ ਸਾਹਮਣੇ ਵੀ ਮੰਨ ਸੀਤਲ ਬਣਿਆ ਰਹੇ? (48)

➡ ਸ਼ਬਦ ਦੀ ਕਮਾਈ ਸਦਕਾ ਤੁਹਾਨੂੰ ਦੁੱਖ ਸੁੱਖ ਪੋਹੇਗਾ ਹੀ ਨਹੀ। (49)

ਸਿਰੇ ਦੀ ਗੱਲ ਕਿ ਨਾਮ ਹੀ ਇਕੋ ਇੱਕ ਰਾਹ ਹੈ।(50, 51)

ਤੁਸੀ ਹਮੇਸ਼ਾਂ ਸੁੰਨ ਸੁੰਨ ਦੀ ਦੁਹਾਈ ਦਈ ਜਾ ਰਹੇ ਹੋ ਭਾਵ ਉਹ ਅਵਸਥਾ ਜਦੋਂ ਆਸਾਂ ਉਮੀਦਾਂ ਮੁੱਕ ਜਾਂਦੀਆਂ ਹਨ। ਭਾਈ ਇਹ ਅਵਸਥਾ ਵੀ ਨਾਮ ਤੇ ਗਿਆਨ ਨਾਲ ਹੀ ਆਉਣੀ ਹੈ। ਜਦੋਂ ਬੰਦਾ ਨਿਰੰਕਾਰ ਵਰਗਾ ਹੋ ਜਾਵੇਗਾ। ਜਦੋਂ ਮੰਨ ਵਿੱਚ ਸਬਰ ਸੰਤੋਖ ਆ ਜਾਵੇਗਾ। ਜਦੋਂ 9 ਦਰਵਾਜਿਆਂ ਦੀ ਭੁੱਖ ਮਿੱਟ ਜਾਵੇਗੀ। (52-53, 54) (ਸੁੰਨ ਜਾਂ ਸ਼ੂੰਨਯ ਦਾ ਸਿਧਾਂਤ ਬੁੱਧ ਮਤ ਦਾ ਹੈ।**)

? - ਕੁਬੁੱਧ ਕਿਵੇ ਮਿਟੇਗੀ ਭਾਵ ਕਦੋਂ ਮੰਨ ਬੁਰਾਈਆਂ ਦਾ ਤਿਆਗ ਕਰੇਗਾ? (55)

ਜਵਾਬ - ਜਦੋਂ ਗਿਆਨ ਰਾਂਹੀ ਸਮਝ ਪੈ ਗਈ। ਹਉਮੈ ਦਾ ਵਰਤਾਰਾ ਜਦੋਂ ਸਮਝ ਲਿਆ ਤਾਂ ਫਿਰ ਬੰਦਾ ਰਜਾ ਵਿੱਚ ਆ ਜਾਂਦਾ ਹੈ। (56)

? - ਇਹ ਸ਼ਬਦ ਦਾ ਵਾਸਾ ਸਰੀਰ ਵਿੱਚ ਕਿਹੜੇ ਟਿਕਾਣੇ ਤੇ ਹੁੰਦਾ ਹੈ। ਜਿਵੇਂ ਸਾਡਾ ਸਾਹ ਤਾਂ 10 ਉਂਗਲਾਂ ਡੂੰਘਾਈ (ਫੇਫੜਿਆਂ) ਤੋਂ ਸ਼ੁਰੂ ਹੁੰਦਾ ਹੈ। (58) (ਜੋਗੀ ਲੋਕ ਅਧਿਆਤਮ ਨੂੰ ਵੀ ਸਰੀਰ ਨਾਲ ਜੋੜ ਕੇ ਵੇਖਦੇ ਹਨ। ਇਨਾਂ ਦੀ ਨਾਦ ਜੋਤ ਸਭ ਸਰੀਰ ਦੀ ਰਚਨਾ ਨਾਲ ਹੀ ਸਬੰਧਤ ਹਨ।)

ਜਵਾਬ - ਸੁਆਮੀ ਜੀ ਇਹਦਾ ਕੋਈ ਸਰੀਰਕ ਟਿਕਾਣਾ ਨਹੀ। ਆਪਣੇ ਮੰਨ ਨੂੰ ਸਮਝਾਉਣਾ ਹੈ। ਜੇ ਨਿਰੰਕਾਰ ਦੀ ਕਿਰਪਾ ਦ੍ਰਿਸਟੀ ਹੋ ਗਈ ਤਾਂ ਸਬਦ ਦਾ ਸਰੀਰ ਵਿੱਚ ਇੱਕ ਤਰਾਂ ਨਾਲ ਵਾਸਾ ਹੋ ਜਾਏਗਾ। ਮੂੰਹੋ ਆਪਣੇ ਆਪ ਸਿਫਤ ਸਾਲਾਹ ਦਾ ਸ਼ਬਦ ਨਿਕਲੇਗਾ। (59)

ਸੁੰਨ ਅਵਸਥਾ ਜੇ ਹਾਸਲ ਕਰਨੀ ਹੈ ਤਾਂ ਜੀਵਨ ਵਿੱਚ ਸੱਚ ਨੂੰ ਅਪਣਾ ਲਓ। ਸਬਦ ਰਾਂਹੀ ਫਿਰ ਹੰਕਾਰ ਮਰ ਜਾਏਗਾ। ਆਹ ਜਿਹੜਾ ਇੜਾ ਪਿੰਗਲਾ ਸੁਖਮਨਾ ਦਸਵੇ ਦੁਆਰ ਲਈ ਤਰਲੇ ਲੈਂਦੇ ਹੋ ਇਹ ਵੀ ਸੁਲਝ ਜਾਣਗੇ। (ਸੁਣਿਐ ਜੋਗ ਜੁਗਤਿ ਤਨਿ ਭੇਦ ॥) - (60)

**ਸ਼ਬਦ, ਨਾਮ ਤੇ ਸੱਚ, ਦੀ ਹੋਰ ਅਹਿਮੀਅਤ** (61, 62, 63)

?- ਇਹ ਹਾਥੀ ਰੂਪੀ ਮੰਨ ਸਰੀਰ 'ਚ ਕਿਥੇ ਵਸਦਾ ਹੈ?

➡ ਤੁਹਾਡੀ ਸੋਚ ਵਿੱਚ ਮਨ ਹੈ। ਜਦੋਂ ਤੁਹਾਡੀ ਸੋਚ ਵਿੱਚ ਹੁਕਮ ਦੀ ਅਹਿਮੀਅਤ ਬਹਿ ਗਈ ਤਾਂ ਮੰਨ ਵੀ ਅਡੋਲ ਅਵਸਥਾ ਵਿੱਚ ਆ ਜਾਏਗਾ।

? - ਜੇ ਇਹ ਸਰੀਰ ਹੀ ਨਾਂ ਹੁੰਦਾ ਤਾਂ ਮਨ (ਚੇਤੰਨਤਾ) ਨੇ ਕਿੱਥੇ ਰਹਿਣਾ ਸੀ? ਭਾਵ ਜਦੋਂ ਰਚਨਾ ਹੀ ਨਹੀ ਸੀ ਤਾਂ ਸਬਦ ਦੀ ਲਿਵ ਕਿਵੇ ਲੱਗਦੀ? (66)

➡ ਅਜਿਹੀ ਅਵਸਥਾ ਵਿੱਚ ਫਿਰ ਅਜੂਨੀ ਰੱਬ ਨਿਰੰਕਾਰ ਅਵਸਥਾ ਭਾਵ ਨਿਰਗੁਣ ਸਰੂਪ ਵਿੱਚ ਰਹਿੰਦਾ। ਵੱਖ ਵੱਖ ਵੰਨਗੀਆਂ ਦੀ ਰਚਨਾ ਖੁੱਦ ਨਿਰੰਕਾਰ ਦਾ ਹੀ ਰੂਪ ਹੈ। (67)

? - ਸੰਸਾਰ ਦੀ ਰਚਨਾ ਕਿਸ ਪ੍ਰਕਾਰ ਹੁੰਦੀ ਹੈ ਤੇ ਫਨਾਹ ਕਿਵੇ ਹੁੰਦਾ ਹੈ ਜਗਤ? (68)

➡ ਇਹ ਸਾਰਾ ਨਾਮ ਤੇ ਹਉਮੈ ਦਾ ਖੇਲ ਹੈ। ਬਾਕੀ ਇਹ ਤੁਸੀ ਜਿਹੜੀ ਜੋਗ ਦੀ ਗੱਲ ਕਰਦੇ ਹੋ ਉਹ ਨਾਮ ਤੋਂ ਬਿਨਾਂ ਸੰਭਵ ਹੀ ਨਹੀ। ਗੁਰੂ ਦੇ ਦਰ ਤੋਂ ਹੀ ਅਸਲ ਜੁਗਤ ਦਾ ਪਤਾ ਲੱਗਦਾ ਹੈ। (69)

ਗਲ ਸੇਵਾ ਦੀ ਹੈ ਸਤਿਗੁਰ ਮਿਲਾਪ ਦੀ ਹੈ। ਸਤਿਗੁਰੁ ਬਿਨਾਂ ਮਿਲਾਪ ਸੰਭਵ ਨਹੀ ਹੈ। (70)

ਹੰਕਾਰ ਤਹਿਸ ਨਹਿਸ ਹੋਣ ਤੋਂ ਬਾਦ ਹੀ ਮੰਨ ਤੇ ਜਿੱਤ ਪ੍ਰਾਪਤ ਹੋ ਸਕਦੀ ਹੈ। (71)

ਸੁਆਮੀ ਜੀ ਸਾਰੀ ਗੱਲ ਦਾ ਨਿਚੋੜ ਇਹ ਹੈ ਨਾਮ ਤੋਂ ਬਿਨਾਂ ਅਸਲ ਜੋਗ ਭਾਵ ਅਕਾਲ ਪੁਰਖ ਨਾਲ ਮੇਲ ਸੰਭਵ ਹੀ ਨਹੀ ਹੈ। ਨਾਮ ਤੋਂ ਹੀ ਫਿਰ ਸਾਨੂੰ ਸਮਝ ਆਉਂਦੀ ਹੈ ਕਿ ਇਹ ਸੰਸਾਰ ਇੱਕ ਖੇਡ ਹੈ ਜੋ ਅਕਾਲ ਪੁਰਖ ਨੇ ਰਚਾਈ ਹੋਈ ਹੈ।

**ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥ (੭੩)**

—▲—

ਪੈੜ ਸਫ਼ਾ

**ਸੁਮੇਰ ਤੇ ਹੀ ਹੋਈ ਸੀ ਸਿਧ ਗੋਸਟਿ**

ਭਾਈ ਮਨੀ ਸਿੰਘ ਜੀ ਨੇ ਲਿਖ ਦਿੱਤਾ ਕਿ ਸਿੱਧ ਗੋਸਟ ਬਟਾਲੇ ਹੋਈ ਹੈ। ਓਦੋਂ ਹੀ ਸਿੱਖਾਂ ਨੇ ਉਜਰ ਕਰ ਦਿੱਤਾ। ਲਿਖਿਆ ਹੈ, "ਸਿੱਖਾਂ ਭਾਈ ਮਨੀ ਸਿੰਘ ਨੂੰ ਕਿਹਾ ਜੀ ਇਹ ਸਿਧ ਗੋਸਟਿ ਸੁਮੇਰ ਪਰਬਤ ਉਤੇ ਉਸ ਜਨਮਸਾਖੀ ਵਿੱਚ ਲਿਖੀ ਹੋਈ ਹੈ॥ ਤੁਸੀ ਅਚਲ ਵਟਾਲੇ ਕਹੀ ਹੈ॥ ਭਾਈ ਮਨੀ ਸਿੰਘ ਨੇ ਕਹਿਆ ਅਸਾਂ ਭਾਈ ਗੁਰਦਾਸ ਜੀ ਦੇ ਵਚਨਾ ਅਨੁਸਾਰ ਕਹੀ ਹੈ।" ਮਤਲਬ ਸਾਫ ਹੈ ਕਿ ਭਾਈ ਮਨੀ ਸਿੰਘ ਜੀ ਨੇ ਭਾਈ ਗੁਰਦਾਸ ਦੇ ਅਧਾਰ ਉਤੇ ਸਿਰਫ ਬਟਾਲਾ ਲਿਖਿਆ ਸੀ ਹੋਰ ਕੋਈ ਸਬੂਤ ਨਹੀ ਸੀ।

ਸੋ ਅਸੀ ਵੀ ਡਾਕਟਰ ਤਰਲੋਚਨ ਸਿੰਘ ਦੀ ਰਾਇ ਨਾਲ ਸਹਿਮਤ ਹਾਂ ਕਿ ਸਿਧ ਗੋਸਟਿ ਕੈਲਾਸ਼ ਪਰਬਤ ਤੇ ਹੋਈ ਨਾਂ ਕਿ ਬਟਾਲੇ। ਵੇਖੋ ਅੰਦਰਲੇ ਹਵਾਲੇ ਜਿਵੇ ਕਿ ਸਿੱਧ ਕੁਝ ਹੇਠ ਲਿਖੇ ਸਵਾਲ ਸਿਰਫ ਕੈਲਾਸ਼ ਤੇ ਬੈਠਿਆਂ ਹੀ ਕਰਨਗੇ ਨਾਂ ਕਿ ਬਟਾਲੇ:-

- ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ ॥ (ਬਟਾਲੇ ਦੇ ਇਲਾਕੇ ਵਿੱਚ ਜੋਗੀਆਂ ਨੂੰ ਗੁਰੂ ਸਾਹਿਬ ਦੀ ਚੰਗੀ ਤਰਾਂ ਵਾਕਫੀ ਹੋ ਚੁੱਕੀ ਸੀ।)
- ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ ॥
- ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥ (ਦੁਰਗਮ ਪਹਾੜਾਂ ਤੇ ਰਹਿਣ ਵਾਲੇ ਜੋਗੀ ਹੀ ਅਜਿਹਾ ਕਹਿਣਗੇ। ਪੰਜਾਬ ਦੇ ਜੋਗੀਆਂ ਨੂੰ ਕੰਦ ਮੂਲ ਖਾਣ ਦੀ ਜਰੂਰਤ ਨਹੀ ਸੀ।)
- ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥ ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥ (ਬਟਾਲੇ ਦੀ ਗੋਸਟ ਵੇਲੇ ਤੱਕ ਗੁਰੂ ਸਾਹਿਬ ਨੇ ਉਦਾਸੀ ਬਾਣਾ ਲਾਹ ਦਿੱਤਾ ਸੀ)
- ਕਿਤੁ ਬਿਧਿ ਆਸਾ ਮਨਸਾ ਖਾਈ ॥ ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥ (ਆਸ ਜਾਂ ਤ੍ਰਿਸ਼ਨਾ ਮੁਕਾਉਣ ਦੀ ਗੱਲ ਜਿਆਦਾ ਬੋਧੀ ਲੋਕ ਹੀ ਕਰਦੇ ਹਨ।) ਫਿਰ ਸੁੰਨ ਅਵਸਥਾ ਦੀ ਪ੍ਰਾਪਤੀ ਕਰਨਾਂ ਬੁੱਧ ਧਰਮ ਦਾ ਹੀ ਸਿਧਾਂਤ ਹੈ।
- ਫਿਰ ਲੋਹਾਰੀਪਾ ਜਿਹੇ ਨਾਂ ਜਿਆਦਾ ਤਿੱਬਤ ਵਿੱਚ ਹੀ ਹਨ।

----◈-----

**ਜੋਗਮਤ ਅਸਲ ਵਿੱਚ ਹੈ ਹੀ ਬੁੱਧਮਤ ਦੀ ਕਿਸਮ**

ਸਾਹਿਬ ਉਸ ਵੇਲੇ ਮੌਜੂਦ ਮਜ਼ਬੀ ਫਿਰਕਿਆਂ ਦਾ ਵਰਤਣ ਵਿਹਾਰ ਜਾਂ ਸਿਧਾਂਤ ਕੁਝ ਇਸ ਪ੍ਰਕਾਰ ਦੱਸਦੇ ਨੇ:

**ਮੁਸਲਮਾਨ – ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥ ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥**

(ਮੁਸਲਮਾਨਾਂ ਨੂੰ ਆਪਣੀ ਬਣਾਈ ਨਿਯਮਾਵਲੀ ਤੇ ਬੜਾ ਮਾਣ। ਜਿਆਦਾ ਇਹ ਓਸੇ ਤੇ ਹੀ ਵੀਚਾਰਾਂ ਕਰੀ ਜਾਂਦੇ ਨੇ। ਅਸਲ ਮੁਸਲਮਾਨ ਤਾਂ ਉਹ ਹਨ ਜੋ ਬੰਦਗੀ ਕਰਦੇ ਨੇ ਜਿੰਨਾਂ ਨੂੰ ਖੁਦਾ ਦੇ ਦਰਸ਼ਨਾਂ ਦੀ ਤਾਂਘ ਹੁੰਦੀ ਹੈ।

ਪੈੜ ਅਗਲੇ ਸਫ਼ੇ ਤੇ **ਚਲਦਾ** ➡

**ਹਿੰਦੂ** - ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੁਪਿ ਅਪਾਰੁ ॥ ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ ॥

(ਹਿੰਦੂਆਂ ਨੂੰ ਆਪਣੇ ਵੇਦਾਂ ਸ਼ਾਸਤਰਾਂ ਤੇ ਬਹੁਤ ਮਾਣ ਹੈ। ਤੀਰਥ ਯਾਤਰਾ ਅਤੇ ਕਰਮ ਕਾਂਡੀ ਪੂਜਾ ਇਨਾਂ ਦਾ ਤਰੀਕਾ ਹੈ)

**ਜੋਗੀ ਜਾਂ ਬੋਧੀ** - ਜੋਗੀ ਸੁੰਨਿ ਧਿਆਵਨਿ੍ ਜੇਤੇ ਅਲਖ ਨਾਮੁ ਕਰਤਾਰੁ ॥ ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥

(ਜੋਗੀਆਂ ਦਾ ਨਿਸ਼ਾਨਾ ਸੁੰਨ ਅਵਸਥਾ ਵਿਚ ਪਹੁੰਚਣਾ ਹੈ। ਭਾਵ ਹਰ ਦੁਨਿਆਵੀ ਚੀਜ ਤੋਂ ਦੂਰੀ। ਉਹ ਕਰਤਾ ਪੁਰਖ ਨੂੰ ਅਲੱਖ ਮੰਨਦੇ ਹੋਏ ਕਹਿੰਦੇ ਹਨ ਉਹ ਰਚਨਾ ਤੋਂ ਬਾਹਰਾ ਸੂਖਮ ਅਵਸਥਾ ਵਿਚ ਹੈ।)

**ਦਾਨੀ**- ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥ ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥

(ਦਾਨ ਦੇ ਕੇ ਮਾਣ ਮਹਿਸੂਸ ਕਰਨਾਂ ਪਰ ਨਾਲ ਹੀ ਮੰਨ ਵਿਚ ਰੱਬ ਕੋਲੋਂ ਸੌ ਗੁਣਾਂ ਵੱਧ ਮੰਗ ਲੈਣਾਂ।)

**ਬੁਰੇ ਲੋਕ** - ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ॥ ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ ॥ ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ॥ ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ ॥

**ਸਿੱਖ** - ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥ ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ ॥

(ਗੁਰਮਤ ਨੂੰ ਮੰਨਣ ਵਾਲਿਆਂ ਦੀ ਭੁੱਖ, ਅਕਾਲ ਪੁਰਖ ਦੀ ਸਿਫਤ ਸਲਾਹ ਹੈ ਭਾਵ ਨਾਮ। ਇਹ 24 ਘੰਟੇ ਅਨੰਦ ਵਾਲੀ ਅਵਸਥਾ ਵਿਚ ਰਹਿੰਦੇ ਨੇ ਤੇ ਆਪਣੇ ਆਪ ਨੂੰ ਹੋਰ ਗੁਰਸਿੱਖਾਂ (ਭਾਵ ਜਿਹੜੇ ਨਾਮ ਵਿਚ ਰੰਗੇ ਹੋਏ ਨੇ) ਦੇ ਪੈਰਾਂ ਦੀ ਧੂੜ ਸਮਝਦੇ ਹਨ। ਮਤਲਬ ਅੱਤ ਦੀ ਨਿਮ੍ਰਤਾ।)

ਤੁਸੀ ਕਿਸੇ ਵੀ ਜੋਗੀ ਨਾਲ ਗੱਲ ਕਰੋ ਉਹ ਸਵੀਕਾਰ ਕਰੇਗਾ ਕਿ ਸੁੰਨ ਅਵਸਥਾ ਹਾਸਲ ਕਰਨਾਂ ਯੋਗੀ ਦਾ ਨਿਸ਼ਾਨਾ ਹੈ। ਪਰ ਸੁੰਨ ਦਾ ਸਿਧਾਂਤ ਭਗਵਾਨ ਬੁੱਧ ਦਾ ਦਿੱਤਾ ਹੋਇਆ ਹੈ। ਦੂਸਰਾ ਜਿਹੜਾ ਸਨਿਆਸ ਦਾ ਸਿਧਾਂਤ ਹੈ ਇਹ ਵੀ ਬੁੱਧ ਧਰਮ ਵਿੱਚੋਂ ਆਉਂਦਾ ਹੈ। ਕਿਉਂਕਿ ਬੁੱਧ ਧਰਮ ਦਾ ਮੰਨਣਾ ਹੈ ਜੀਵਨ ਹੈ ਹੀ ਦੁੱਖਾਂ ਦਾ ਘਰ। ਦੁੱਖਾਂ ਦੀ ਜੜ੍ਹ ਸਾਡੀ ਤ੍ਰਿਸ਼ਨਾ ਹੈ ਜੋ ਰਿਸ਼ਤੇ ਨਾਤਿਆਂ ਆਦਿ ਤੋਂ ਉਤਪਨ ਹੁੰਦੀ ਹੈ। ਇਸ ਸਭ ਦਾ ਤਿਆਗ ਕਰਕੇ ਨਿਰਵਾਨ ਹਾਸਲ ਕਰਨਾਂ ਹੀ ਬੁੱਧ ਧਰਮ ਹੈ। ਫਿਰ ਵੇਖੋ ਸਾਕਤ ਮੱਤ ਜਿਹੜੇ ਦੇਵੀ ਦੀ ਪੂਜਾ ਕਰਦੇ ਹਨ ਉਹ ਵੀ ਮੂਲ ਵਿਚ ਬੁਧ ਧਰਮ ਦੇ ਸਿਧਾਂਤ ਦੀ ਪਾਲਣਾ ਹੀ ਕਰ ਰਹੇ ਹੁੰਦੇ ਨੇ।

ਸੋ ਜੋਗੀ ਕਰਤੇ ਦੀ ਬਣਾਈ ਹਰ ਸ਼ੈਅ ਤੋਂ ਦੂਰੀ ਮੰਗਦਾ ਹੈ, ਸਨਿਆਸ ਰਾਂਹੀ ਸੁੰਨ ਅਵਸਥਾ ਵਿਚ ਪਹੁੰਚਣਾ ਜਦੋਂ ਕਿ ਗੁਰਮੁੱਖ ਹਰ ਸ਼ੈਅ ਵਿਚ ਨਿਰੰਕਾਰ ਦੀ ਜੋਤ ਵੇਖ ਵਿਸਮਾਦਿਤ ਹੋਇਆ ਨਿਰੰਕਾਰ ਦੇ ਗੁਣਗਾਣ ਕਰਦਾ ਹੈ।

**"ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥"**

ਜੋਗੀ ਵਾਸਤੇ ਸ਼ਬਦ ਦੀ ਅਹਿਮੀਅਤ ਨਹੀ ਹੈ। ਉਹ ਧਿਆਨ ਕਰਦਾ ਹੈ ਕਿਸੇ ਤਰਾਂ ਸੁੰਨ ਦੀ ਅਵਸਥਾ ਹਾਸਲ ਕੀਤੀ ਜਾਵੇ। ਸ਼ੁਰੂ 'ਚ ਕਦੀ ਦੋ ਚਾਰ ਸ਼ਬਦ ਮੰਨ ਹੀ ਮੰਨ ਵਿਚ ਬੋਲਦਾ ਹੈ ਤੇ ਫਿਰ ਚੁੱਪ ਹੋ ਜਾਂਦਾ ਹੈ। ਕਹਿੰਦਾ ਹੈ ਅਜੱਪਾ ਜਪ ਚਲਦਾ ਹੈ।

----◆-----

## 9 ਨਾਥ 84 ਸਿੱਧ

### ਜੋਗ ਮਤ ਦੇ 9 ਨਾਥ

9 ਨਾਥ - 1. ਆਦਿ ਨਾਥ ਭਗਵਾਨ ਸ਼ਿਵ ਜੀ, 2. ਮਛਿੰਦਰ ਨਾਥ, 3. ਗੋਰਖ ਨਾਥ, 4. ਅਚੰਭੇ ਨਾਥ (ਅੱਚਲ), 5. ਚੌਰੰਗੀ ਨਾਥ (ਪੂਰਨ ਭਗਤ) 6. ਗਜਕੰਠਰ ਨਾਥ (ਗਜਬੇਲੀ) 7. ਸੰਤੋਖ ਨਾਥ, 8. ਸਤਨਾਥ, 9. ਉਦੈ ਨਾਥ

84 ਸਿੱਧ

ਪਰ ਬਦਕਿਸਮਤੀ ਨਾਲ 84 ਸਿੱਧਾਂ ਦੇ ਨਾਂ ਅੱਜ ਬਚ ਨਹੀ ਪਾਏ। ਇੱਕ ਵੈਬਸਾਈਟ http://nathas.org ਨੇ 84 ਸਿੱਧਾਂ ਦੀ ਲਿਸਟ ਦਿੱਤੀ ਹੈ। ਹਾਲਾਂ ਇਸ ਵਿੱਚ ਕੁਝ ਨਾਂ 17-18-19 ਸਦੀ ਦੇ ਵੀ ਦੇ ਦਿੱਤੇ ਹਨ। ਪਰ ਫਿਰ ਵੀ ਜਾਣਕਾਰੀ ਲਾਹੇਵੰਦ ਹੈ ਕਿਉਂਕਿ ਇਸ ਤੋਂ ਘੱਟੋ ਘੱਟ ਜੋਗੀਆਂ ਦੇ ਭਾਰਤ ਵਿੱਚ ਵੱਡੇ ਆਸ਼ਰਮਾਂ ਦਾ ਪਤਾ ਲੱਗਦਾ ਹੀ ਹੈ। ਪੰਜਾਬ ਵਾਲਿਆਂ ਨੂੰ ਮੋਟੇ ਅਖਰਾਂ 'ਚ ਦਿਖਾਇਆ ਹੈ:

1. ਅੜਬੰਗਾ ਨਾਥ- ਮਹਾਰਾਸ਼ਟਰ, ਗੁਜਰਾਤ, ਪਾਗਲ। 2. ਅਲੱਮਾ ਨਾਥ- ਕੈਕੱਈ ਪੰਜਾਬ ਪਾਕਿਸਤਾਨ, ਸੂਫੀ। 3. ਔਘੜ ਨਾਥ- ਗਿਰਨਾਰ ਗੁਜਰਾਤ, ਔਘੜ। **4. ਬਾਲ ਗੁੰਦਾਈ ਨਾਥ – ਟਿੱਲਾ ਜੋਗੀਆਂ ਜਿਹਲਮ/ ਕਰਨਾਲ, ਆਈ। 5. ਬਾਲਕ ਨਾਥ – ਦਿਓੜ ਸਿੱਧ, ਸ਼ਾਹ ਤਲਾਈ ਹਿਮਾਚਲ, ਵਿਰਾਗੀ।** 6. ਭੱਦਰ ਨਾਥ - ਆਂਧਰਾ, ਰਾਵਲ ਨਾਥ। 7. ਭਰਾਈ ਨਾਥ - ਕੁਲਛੇਤ੍ਰ, ਆਈ। 8. ਭਰਥਰੀ ਹਰੀ ਨਾਥ - ਉਜੈਨ, ਵਿਰਾਗ। 9. ਭੁੱਚਰ ਨਾਥ - ਹਜ਼ਾਰਾ ਪਾਕਿਸਤਾਨ, ਵਿਰਾਗ। 10. ਭੁਸਾਕੈ ਨਾਥ - ਵਿਮਲ ਗੁਫਾ ਬੰਗਾਲ, ਆਈ। **11. ਬਿਲੇਛਾਇਆ ਨਾਥ – ਮਨੀ ਮਹੇਸ਼ ਹਿਮਾਚਲ, ਚਰਪਟੀ।** 12. ਬੀਰ ਬੰਕ ਨਾਥ - ਰਿਸ਼ੀਮੁਖ, ਧਵੱਜ ਪੰਥ। 13. ਬਰੱਮਈ ਨਾਥ - ਜੀਂਦ ਹਰਿ/ ਹਸਤਨਾਪੁਰ ਨ ਯੂ ਪੀ, ਆਈ। **14. ਚੱਕ੍ਰ ਨਾਥ – ਟਿੱਲਾ ਜੋਗੀਆਂ, ਨਟੇਸ਼ਵ੍ਰੀ।** 15. ਚੰਦ੍ਰ ਨਾਥ - ਗੰਗਾ ਸਾਗਰ ਬੰਗਾਲ, ਕਪਲਾਨੀ। **16. ਚਰਪਟ ਨਾਥ – ਚੰਬਾ, ਚਰਪਟੀ। 17. ਦਰਿਆ ਨਾਥ – ਅੱਟਕ ਦਰਿਆ ਪਾਕਿਸਤਾਨ , ਨਟੇਸ਼ਵਰੀ।** 18. ਦਇਆ ਨਾਥ - ਗਿਰਨਾਰ ਗੁਜਰਾਤ, ਵਿਰਾਗ। 19. ਦੇਵਾ ਨਾਥ - ਅਮਰਾਵਤੀ -ਓਈਆਪੁਰ (ਅੰਧਜਨ) ਪਿੰਡ, ਵਰਕਾਰੀ। 20. ਧਰਮ ਨਾਥ - ਕੈਲਾਸ਼ ਪਰਬਤ, ਪਓ। 21. ਧੀਰ ਨਾਥ - ਬੰਗਾਲ -ਦੱਖਣ ਪੂਰਬ, ਸੂਫੀ। 22. ਧੁੰਧਾਕਰ ਨਾਥ - ਅਸੱਮ ਨਾਗਾਲੈਂਡ, ਆਈ। 23. ਏਕਾ ਨਾਥ - ਪੈਥਾਨ, ਮਹਾਰਾਸ਼ਟ੍ਰ, ਵਰਕਾਰੀ। 24. ਗਹਿਣੀ ਨਾਥ - ਤ੍ਰਿੰਭਕੇਸ਼ਵਰ ਮਹਾ. ਗੁਜਰਾਤ, ਬੰਗਾ, ਵਰਕਾਰੀ। **25. ਗਰੀਬਾ ਨਾਥ – ਕਾਂਗੜਾ, ਵਿਰਾਗ।** 26. ਗੌਰਵ ਨਾਥ - ਬਿਹਾਰ, ਅਗੋਰੀ (ਕਪਾਲਕਾ)। **27. ਗਹਿਲਾ ਨਾਥ ਰਾਵਲ – ਹਿੰਗਲਾਜ, ਰਾਵਲ ਪੰਥ ਬਾਨੀ।** 28. ਘੋੜਾ ਨਾਥ ਚੋਲੀਪਾ - ਅਸਾਮ ਅਤੇ ਹੋਰ ਉਤਰ ਪੂਰਬ, ਆਈ। 29. ਗੋਪਾਲ ਨਾਥ - ਤ੍ਰਿਪੁਰਾ (ਕੋਰੇ ਗਾਵ), ਵਰਕਾਰੀ। 30. ਗੋਰ ਨਾਥ, ਕਸ਼ਮੀਰ ਤੇ ਸਿੰਧ, ਧਰਮਨਾਥੀ। **31. ਹਵਾਈ ਨਾਥ – ਪੱਛਮ, ਆਈ।** 32. ਜੰਬਾ ਨਾਥ - ਜ਼ਾਲਾਪੁਰ ਰਾਜਸਥਾਨ, ਮੱਨਾਥੀ। 33. ਗਿਆਨੇਸ਼ਵਰ ਨਾਥ - ਅਲਾਂਦੀ (ਮਹਾਰਾਸ਼ਟਰ), ਵਰਕਾਰੀ। 34. ਜਵਲਿੰਦਰ ਨਾਥ - ਜਲੌਰ (ਕਲਸ਼ ਚਾਲਾ), ਪਾਵ (ਬਾਨੀ)। **35. ਕਾਕਾਚੰਦੀ ਨਾਥ – ਕਾਗ ਭਸੁੰਡੀ ਤੀਰਥ (ਭਦਰਵਾਹ?), ਕਸ਼ਮੀਰ, ਪਾਗਲ। 36. ਕਾਲਾ ਨਾਥ – ਕੁੱਲੂ, ਅਘੋਰੀ।** 37. ਕੰਨਕਾਈ ਨਾਥ - ਬੰਗਾਲ, ਆਈ। 38. ਕਾਨੀਪਾ ਨਾਥ - ਪਹਾੜਪੁਰ ਬਿਹਾਰ, ਪਾਵ। 39. ਕਪਿਲ ਨਾਥ - ਗੰਗਾ ਸਾਗਰ ਬੰਗਾਲ, ਕਪਿਲਾਨੀ। **40. ਕਾਇਆ ਨਾਥ – ਪੰਜਾਬ ਤੇ ਨਿਪਾਲ, ਵੈਰਾਗੀ। 41. ਖੇਚਰ ਨਾਥ – ਪੁੰਣਛ, ਆਈ।** 42. ਕੋਰੰਤ ਨਾਥ - ਤਕਸ਼ਸ਼ਿਲਾ, ਬਿਹਾਰ, ਸਤਨਾਥੀ। **43. ਲੱਧਾਈ ਨਾਥ – ਪੰਜਾਬ ਹਰਿਆਣਾ, ਆਈ।** 44. ਲੰਕਾ ਨਾਥ - ਲੰਕਾ, ਰਾਵਲ। **45. ਮਦਰਾ ਨਾਥ – ਪੰਜਾਬ, ਰਾਵਲ।** 46. ਮੱਲਿਕ ਨਾਥ - ਓੜੀਸਾ, ਅਘੋਰੀ। 47. ਮਨਸਾਈ ਨਾਥ - ਮਥੁਰਾ, ਆਈ। 48. ਮਾਣਕ ਨਾਥ - ਅਹਿਮਦਾਬਾਦ ਗੁਜਰਾਤ, ਵਰਕਾਰੀ। 49. ਮੰਜੂ ਨਾਥ - ਕਡਾਲੀ, ਲੰਕਾ, ਮੱਨਾਥੀ। 50. ਮਾਰਕੰਡੇ ਨਾਥ - ਕੈਲਾਸ਼, ਸ਼ਿਵ ਜੋਗੀ। 51. ਮਸਤਾ ਨਾਥ - ਅਸਥਲ ਬੋਹੜ, ਰੋਹਤਕ, ਆਈ। 52. ਮੇਰੂ ਨਾਥ - ਬਿਹਾਰ, ਅਘੋਰੀ। 53. ਮੀਣਾ ਨਾਥ - ਕਸ਼ਮੀਰ, ਪਾਵ। 54. ਨਾਗਾਰਜੁਨਾ ਨਾਥ - ਸ੍ਰੀ ਸੈਲਾ ਪਹਾੜੀਆਂ -ਦੱਖਣ, ਰਾਵਲ। 55. ਨਾਰਦ ਦੇਵਾ ਨਾਥ - ਮਹਾਰਾਸ਼ਟਰ, ਸਤਨਾਥ। **56. ਨਰਮਾਈ ਨਾਥ – ਜੀਂਦ, ਆਈ।** 57. ਨਵਰਿੱਤੀ ਨਾਥ - ਤ੍ਰਿੰਬਕੇਸ਼ਵਰ, ਵਰਕਾਰੀ। 58. ਪਿੱਪਲ ਨਾਥ - ਪ੍ਰਯਾਗ, ਰਾਮਨਾਥੀ। 59. ਪ੍ਰਭੁਦੇਵਾ ਨਾਥ - ਸਿੱਕਮ, ਆਈ। 60. ਪ੍ਰਕਾਸ਼ ਨਾਥ - ਬੰਗਾਲ, ਗੁਜਰਾਤ, ਵੈਰਾਗ। 61. ਪਰੋਧਾ ਨਾਥ - ਉਜੈਨ, ਵੈਰਾਗ। **62. ਰਤਨ ਨਾਥ – ਬਠਿੰਡਾ (ਕਾਬਲ, ਕੰਧਾਰ, ਮੱਕਾ ਮਦੀਨਾ), ਸਤਨਾਥ।** 63. ਸਹਿਜਾਈ ਨਾਥ - ਬੰਗਾਲ, ਆਈ। 64. ਸਹਿਰੋਬਾ ਨਾਥ - ਗੋਆ, ਵਰਕਾਰੀ। 65. ਸਨਕ ਨਾਥ - ਅਮਰ ਕਸ਼ਮੀਰ, ਸਤਨਾਥ। 66. ਸਨੰਦਾ ਨਾਥ - ਕੈਲਾਸ਼, ਸਤਨਾਥ। 67. ਸਨਾਤਨ ਨਾਥ - ਬਦਰੀ ਨਾਥ, ਸਤਨਾਥ। 68. ਸਨਤ ਕੁਮਾਰ ਨਾਥ - ਕੈਲਾਸ਼ - ਸਤਨਾਥ। 69. **ਸਰਸਵਤਾਈ ਨਾਥ – ਕੈਕਈ (ਪੰਜਾਬ)**, ਆਈ। 70. ਸ਼ਬਰ ਨਾਥ - ਗੌੜ, ਬੰਗਾਲ, ਅਘੋਰੀ। 71. ਸ਼੍ਰਿੰਗੇਰੀ ਨਾਥ - ਗੌੜ ਬੰਗਾਲ, ਪਾਵ। 72. ਸ਼੍ਰੀਤਾਇ ਨਾਥ, ਕੁਲਛੇਤ੍ਰ, ਆਈ। **73. ਸਿੱਧਬੁੱਧਾ ਨਾਥ – ਕੈਕਈ ਪੰਜਾਬ**, ਜੰਮੂ, ਦਰਿਆਈ ਨਾਥੀ। **74. ਸਿੱਧਾਪਦ ਨਾਥ – ਹਿਮਾਚਲ, ਆਈ।** 75. ਸਿੱਧਆਸਣ ਨਾਥ - ਓੜੀਸਾ, ਆਈ। 76. ਸੁਕਦੇਵਾ ਨਾਥ - ਟਾਪੂ ਤੇ ਪਹਾੜਾਂ ਤੇ, ਰਾਮਨਾਥੀ। 77. ਸੁਨੰਦਾ ਨਾਥ - ਡੂੰਗਰਪੁਰ, ਵੈਰਾਗ। **78. ਸੂਰਤ ਨਾਥ – ਪੰਜਾਬ, ਆਈ।** 79. ਤਾਰਾ ਨਾਥ - ਦੱਖਣ, ਪਾਗਲ। 80. ਟਿੰਨਟਿਨੀ ਨਾਥ - ਦੱਖਣ, ਪਾਵ। 81. ਵਕਰਾ ਨਾਥ - ਕੈਲਾਸ਼, ਨਟੇਸ਼ਵਰੀ। **82. ਵੀਰਾ ਨਾਥ – ਪੰਜਾਬ, ਦਰਿਆਨਾਥੀ।** 83. ਵੀਰੂਪਕਸ਼ ਨਾਥ - ਓੜੀਸਾ, ਸਾਹਚਰਿਆ। 84. ਯੱਗਵਲਕਿਆ ਨਾਥ - ਹਿਮਾਚਲ/ਕੋਟ ਦਵਾਰ, ਸਤਨਾਥ। ।

ਇਸ ਲਿਸਟ ਤੋਂ ਪਤਾ ਲੱਗਦੈ ਕਿ 84 ਸਿੱਧਾਂ ਵਿੱਚੋਂ 24-25 ਸਿੱਧ ਤਾਂ ਪੁਰਾਣੇ ਪੰਜਾਬ (ਸਮੇਤ ਪੱਛਮੀ ਪੰਜਾਬ, ਹਿਮਾਚਲ, ਜੰਮੂ) ਇਲਾਕੇ ਤੋਂ ਸਨ।

ਬਾਲੇ ਨੇ ਵੀ 84 ਸਿੱਧਾਂ ਦੀ ਲਿਸਟ ਦਿੱਤੀ ਹੈ ਵੇਖੋ ਪੰ. 231

----◆-----

ਹੱਠ ਜਾਂ ਜ਼ਿੱਦ ਜਾਂ ਜ਼ੋਰ ਨਾਲ ਨਹੀ। ਇਹ ਰਸਤਾ ਤਾਂ ਰਜ਼ਾ ਦਾ ਤੇ ਪ੍ਰੇਮ ਦਾ

ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ ॥ ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ ॥

**ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥**

ਕਈ ਇਹੋ ਜਿਹੇ ਸਿਰ ਫਿਰੇ ਹਿੰਦੂ ਸ਼ਰਧਾਲੂ ਹੋਏ ਹਨ ਜੋ ਸਰੀਰ ਨੂੰ ਤਪਾਉਣਾ ਤੇ ਕਿਤੇ ਰਿਹਾ ਸਿੱਧਾ ਖੁਦਕਸ਼ੀ ਹੀ ਕਰ ਲੈਂਦੇ ਸਨ। ਗੁਰੂ ਸਾਹਿਬ ਨੇ ਥਾਂ ਥਾਂ ਜਾ ਸਮਝਾਇਆ ਕਿ ਲੋਕੋ ਰੂਹਾਨੀਅਤ ਦਾ ਮਾਰਗ ਹੱਠ ਨਹੀ ਸਹਿਜ ਦਾ ਹੈ। ਇਹ ਤਾਂ ਪ੍ਰੇਮ ਦਾ ਕਿੱਸਾ ਹੈ। ਪੜੋ ਅਯੋਧਿਆ ਵਾਲੀ ਸਾਖੀ ਪੰਨਾ 123.

----◆-----

### ਹੁਕਮ ਜਾਂ ਰਜਾ ਤੋਂ ਕੀ ਮਤਲਬ?

ਹਉਮੈ ਦੀ ਕੀ ਕਹਾਣੀ ਹੈ?

**"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥" "ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥"**

ਵੇਖੋ ਪ੍ਰਯਾਗ ਵਾਲੀ ਸਾਖੀ।

----◆-----

### ਨਾਮ ਬਾਬਤ ਕਿਓ ਦੁਹਾਈ ਦੇਣੀ ਪਈ ਗੁਰੂ ਸਾਹਿਬ ਨੂੰ

ਗੁਰੂ ਸਾਹਿਬ ਨੇ ਦੁਹਾਈ ਦਿੱਤੀ ਕਿਉਕਿ ਹਿੰਦੂ, ਬੋਧੀ, ਤੇ ਜੈਨ ਸਾਧੂਆਂ ਵਿੱਚ ਇਕ ਓਕਾਰ ਨਿਰੰਕਾਰ ਰੱਬ ਦਾ ਸਿਧਾਂਤ ਹੈ ਹੀ ਨਹੀ ਸੀ। ਜਦੋਂ ਇਹ ਸਰਬਵਿਆਪਕ ਅਕਲਾ ਦੀ ਹੋਂਦ ਤੋਂ ਹੀ ਮੁਨੱਕਰ ਸਨ ਤਾਂ ਨਾਮ ਜੱਪਣ ਦਾ ਸਿਧਾਂਤ ਕਿਥੇ ਹੋਣਾ।

ਇਹ ਲੋਕ ਸਰੀਰਕ ਅਭਿਆਸ, ਕ੍ਰਿਆਵਾਂ ਤੇ ਸੰਨਿਆਸ ਨੂੰ ਹੀ ਭਗਤੀ ਸਮਝਦੇ ਸਨ। ਗੁਰੂ ਸਾਹਿਬ ਨੇ ਉਹ ਪੂਜਾ ਵਿਅੱਰਥ ਦੱਸੀ ਜਿਸ ਵਿੱਚ ਰੱਬ ਦੀ ਸਿਫਤ ਨਾਂ ਹੋਵੇ।

ਇਨਾਂ ਵਿੱਚ ਜੋਗ ਦਾ ਇੱਕ ਹੋਰ ਤਰੀਕਾ ਵੀ ਪ੍ਰਚਲਤ ਹੈ 'ਸਹਿਜ ਜੋਗ' ਜਿਸ ਅਨੁਸਾਰ ਵੱਖਰੇ ਵੱਖਰੇ ਆਸਣ ਲਾ ਕੇ ਹੱਠ ਕਰਨਾਂ ਜਰੂਰੀ ਨਹੀ। ਬੰਦਾ ਚੌਕੜੀ ਮਾਰ ਕੇ ਧਿਆਨ ਲਾਵੇ ਤੇ ਹੌਲੀ ਹੌਲੀ ਸੁੰਨ ਅਵਸਥਾ ਹਾਸਲ ਕਰੇ।

----◆-----

### ਹਿੰਦੂ ਪੂਜਾ ਦਾ ਤਰੀਕਾ

ਹਿੰਦੂ ਧਰਮ ਤੇ ਬੁੱਧਮਤ ਵਿੱਚ ਪੂਜਾ ਮੁਖ ਤੌਰ ਤੇ ਵਿਅੱਕਤੀਗਤ ਹੈ ਜਦੋਂ ਕਿ ਇਸਲਾਮ, ਈਸਾਈਮਤ ਤੇ ਗੁਰਮਤ ਅਨੁਸਾਰ ਪੂਜਾ ਸਮੂਹ ਵਿੱਚ ਵੀ ਹੁੰਦੀ ਹੈ।

ਹਿੰਦੂਮਤ ਅਨੁਸਾਰ -

ਪੂਜਾ 1.ਮੂਰਤੀ ਦੀ ਦੇਵਤਿਆਂ ਤੇ ਦੇਵੀਆਂ ਦੀ ਮੁੱਖ ਤੌਰ ਤੇ ਗਣੇਸ਼, ਸ਼ਿਵ ਜੀ, ਸ੍ਰੀ ਕ੍ਰਿਸ਼ਨ, ਸ੍ਰੀ ਰਾਮ, ਹਨੂਮਾਨ , ਵਿਸ਼ਨੂੰ ਭਗਵਾਨ, ਲਕਸ਼ਮੀ, ਦੁਰਗਾ, ਕਾਲੀ ਮਾਤਾ, ਸਰਸਵਤੀ 2. ਰੁੱਖਾਂ ਤੇ ਤੁਸਲੀ ਆਦਿ ਦੀ, 3. ਦਰਿਆਵਾਂ ਨਦੀਆਂ ਦੀ, 5. ਬ੍ਰਾਹਮਣ ਦੀ, 5. ਕੰਵਾਰੀ ਲੜਕੀਆਂ ਦੀ, ਕੀਤੀ ਜਾਂਦੀ ਹੈ। ਪੂਜਾ ਵਿੱਚ ਆਰਤੀ ਉਤਾਰੀ ਜਾਂਦੀ ਹੈ।

2.ਵੇਦ-ਮੰਤਰ ਪੜੇ ਜਾਂਦੇ ਹਨ, 3.ਯੰਤਰ ਬਣਾਏ ਜਾਂਦੇ ਹਨ,

4.ਤੱਪ ਕੀਤਾ ਜਾਂਦਾ ਭਾਵ ਸਰੀਰ ਨੂੰ ਕਸ਼ਟ ਦਿੱਤੇ ਜਾਂਦੇ ਹਨ, ਜਿਸ ਵਿੱਚ ਵਰਤ (ਭੁੱਖੇ ਰਹਿਣਾ) ਵੀ ਸ਼ਾਮਲ ਹੈ, 5. ਤੀਰਥ ਯਾਤਰਾ, 5.ਵਰਤ ਰੱਖਣਾ।

5. ਦਰਸ਼ਨ ਕਰਨਾਂ ਵੀ ਬਹੁਤ ਪਵਿਤ੍ਰ ਮੰਨਿਆ ਜਾਂਦਾ ਹੈ।

ਗੁਰੂ ਸਾਹਿਬ ਦੇ ਵੇਲੇ ਤੱਕ ਪ੍ਰਮੇਸ਼ਵਰ ਦਾ ਨਾਮ ਜੱਪਣ ਦਾ ਰਿਵਾਜ ਨਹੀ ਸੀ ਭਾਵ ਸਿਫਤ ਸਲਾਹ ਕਿਤੇ ਘੱਟ ਹੀ ਕੀਤੀ ਜਾਂਦੀ ਸੀ। ਸਾਧੂਆਂ ਵਿੱਚ ਤੱਪ ਤੇ ਸਰੀਰ ਨੂੰ ਕਸ਼ਟ ਦੇਣਾ ਸਾਲਾਂ ਬੱਧੀ ਇੱਕ ਹੀ ਆਸਣ ਤੇ ਖੜੇ/ ਬੈਠੇ ਆਦਿ ਆਦਿ। ਕਿਤੇ ਆਹੂਤੀ (ਕੁਰਬਾਨੀ) ਵੀ ਦਿੱਤੀ ਜਾਂਦੀ ਸੀ ਕਿਸੇ ਦੇਵਤੇ ਤੋਂ ਕੁਰਬਾਨ ਹੋ ਜਾਣਾ ਵੀ ਪ੍ਰਚਲਤ ਸੀ। ਇਹ ਜ਼ੁਲਮ ਵੇਖ ਕੇ ਗੁਰੂ ਸਾਹਿਬ ਦਾ ਪਵਿਤਰ ਕੋਮਲ ਹਿਰਦਾ ਤੜਫ ਉਠਿਆ ਤੇ ਉਨਾਂ ਨੇ ਹਰ ਪ੍ਰਸਿੱਧ ਧਾਰਮਿਕ ਸਥਾਨ ਤੇ ਜਾ ਜਾ ਕੇ ਦੁਹਾਈ ਦਿੱਤੀ ਕਿ ਪ੍ਰਭੂ ਦੀ ਉਸਤਤ ਬਗੈਰ ਤੁਹਾਡੇ ਇਹ ਕਰਮ ਕਾਂਡ ਵਿਅੱਰਥ ਹਨ।

ਗੁਰੂ ਸਾਹਿਬ ਦੀ ਘਾਲਣਾ ਦਾ ਵੱਡਾ ਅਸਰ ਪਿਆ। ਅੱਜ ਹਿੰਦੂਆਂ ਵਿੱਚ ਨਿਰੰਕਾਰ ਉਸਤਤ ਦਾ ਰਿਵਾਜ ਆਮ ਦੇਖਿਆ ਜਾਂਦਾ ਹੈ। ਸਾਧੂ ਵੀ ਅਕਸਰ ਆਪਣੀ ਤਪੱਸਿਆ ਵੇਲੇ ਰੱਬ ਵਲ ਧਿਆਨ ਕਰਦੇ ਹਨ।

ਹਾਲਾਂ ਕਰਮ ਕਾਂਡ ਅੱਜ ਵੀ ਵੱਡੇ ਪੱਧਰ ਤੇ ਜਾਰੀ ਹਨ ਪਰ ਅੱਜ ਖੁੱਦ ਹਿੰਦੂ ਹੀ ਇਨਾਂ ਕਰਮ ਕਾਂਡਾਂ ਨੂੰ ਵਿਅੱਰਥ ਸਮਝਣ ਲੱਗ ਪਿਆ ਹੈ।

----◆-----

## ਨਾਮ

## ਗੁਰੂ ਨਾਨਕ ਦਾ ਮਿਸ਼ਨ

**ਨਾਮ ਭਾਵ ਕਿਸੇ ਦਾ ਗੁਣ, ਜਸ, ਉਸਤਤ, ਵਡਿਆਈ, ਸਿਫਤਾਂ, ਸਲਾਹੁਣਾ, ਕੀਰਤੀ, ਪ੍ਰਸੰਸਾ, ਮਹਿਮਾ, ਸ਼ਲਾਘਾ, ਉਪਮਾ, ਤਾਰੀਫ। ਸੋ ਨਾਮ ਜਪਣਾ ਉਸ ਦੀ ਪ੍ਰਾਪਤੀ ਦਾ ਇਕੋ ਇੱਕ ਰਸਤਾ ਹੈ। ਬਿਨਾ ਸ਼ਬਦ ਦੇ ਨਾਦ-ਜੋਤ ਵਾਲੀ ਸਮਾਧੀ ਸਿੱਖੀ ਵਿਚ ਪ੍ਰਵਾਨ ਨਹੀ।**

ਬੱਚਾ ਸਭ ਤੋਂ ਪਹਿਲਾਂ ਮਾਂ ਕਹਿਣਾ ਸਿੱਖਦਾ ਹੈ ਤੇ ਬਾਦ ਵਿੱਚ ਉਸ ਨੂੰ ਖੁਦ ਦੇ ਨਾਂ ਦਾ ਵੀ ਗਿਆਨ ਹੋ ਜਾਂਦਾ ਹੈ। ਉਹਦਾ ਨਾਂ ਲੈਣ ਤੇ ਝੱਟ ਸਿਰ ਚੁੱਕਦਾ ਹੈ। ਸੋ ਕੌਣ ਨਹੀ ਜਾਣਦਾ ਕਿ ਨਾਮ ਜਾਂ ਨਾਂ ਦਾ ਕੀ ਅਰਥ ਹੁੰਦਾ ਹੈ। ਓਏ ਤੇਰਾ ਨਾਂ ਕੀ ਹੈ? 'ਨਾਮ' ਲਫਜ ਫਾਰਸੀ ਤੇ ਸੰਸਕ੍ਰਿਤ ਦੋਵਾਂ ਮੂਲ ਭਾਸ਼ਾਵਾਂ ਵਿੱਚ ਮਿਲਦਾ ਹੈ। ਯੂਰਪੀਨ ਮੁਲਕਾਂ ਵਿੱਚ ਵੀ ਰਲਵਾਂ ਮਿਲਵਾਂ ਜਿਹਾ ਹੀ ਸ਼ਬਦ ਹੈ। ਅੰਗਰੇਜੀ ਤੇ ਜਰਮਨ ਵਿੱਚ ਜਿਵੇ ਨਾਮ ਦੀ ਜਗਾ ਨੇਮ ਹੈ॥ ਲਾਤੀਨੀ ਵਿੱਚ ਨਾਮਨ, ਫਰਾਂਸੀਸੀ ਤੇ ਇਟਾਲੀਅਨ ਵਿੱਚ ਨੋਮ, ਰੂਸੀ ਵਿੱਚ ਈਨਾਂ, ਸਪੈਨਿਸ਼ ਵਿੱਚ ਨਾਮਬਰੇ, ਰੋਮਾਨੀਅਨ ਵਿੱਚ ਨੂਮੇ ਜਪਾਨੀ ਵਿੱਚ ਨਮਾਇ ਕਹਿ ਦਿੱਤਾ ਜਾਂਦਾ ਹੈ। ਸੋ ਕਿੰਨੀ ਹੈਰਾਨੀ ਦੀ ਗੱਲ, ਨਾ ਲਫਜ ਸਾਰੀ ਦੁਨੀਆਂ ਵਿੱਚ ਸਾਂਝਾ ਹੈ। ਹਾਲਾਂ ਚੀਨੀ ਵਿੱਚ ਨਾਮ ਨੂੰ ਮਿੰਙ, ਤੁਰਕੀ ਵਿੱਚ ਇਸਮ ਕਿਹਾ ਜਾਂਦਾ ਹੈ।

ਮੂਲ ਰੂਪ ਵਿੱਚ ਨਾਂ ਲਫਜ਼ ਦਾ ਮਾਇਨਾ ਹੁੰਦਾ ਹੈ: 'ਗੁਣ' 'ਸਿਫਤ' ਜਾਂ 'ਜਸ'।

ਆਦਿ ਕਾਲ ਤੋਂ ਹੀ ਕਿਸੇ ਦਾ ਨਾਂ ਉਸ ਦੇ ਗੁਣਾਂ ਅਨੁਸਾਰ ਰਖਿਆ ਜਾਂਦਾ ਹੈ। 'ਲੰਙਾ' 'ਕਾਣਾ' 'ਫੀਨਾ' ਜੇ ਸੋਹਣਾ ਹੋਵੇ ਤਾਂ ਸੁੰਦਰ ਸਿੰਘ, ਰੂੜ ਸਿੰਘ ਜਾਂ ਸੋਹਣ ਸਿੰਘ। ਹਾਂ, ਕਈ ਵਾਰੀ ਮਾਪੇ ਤਾਂ ਨਾਂ ਰੱਖ ਲੈਂਦੇ ਹਨ ਮੱਲ ਸਿੰਘ ਭਾਵ ਭਲਵਾਨ ਪਰ ਬੰਦਾ ਮਾੜੂਆ ਨਿਕਲ ਆਉਦਾ ਹੈ। ਕਿਤੇ ਨਾਂ ਹੁੰਦਾ ਹੈ ਉੱਚਾ ਪਿੰਡ ਤੇ ਕਿਤੇ ਨੀਵਾਂ ਬਜਾਰ। ਜੇ ਪਿੰਡ ਦੁਆਲੇ ਕਿਲ੍ਹਾ ਹੁੰਦਾ ਸੀ ਤਾਂ ਨਾਂ 'ਕਿਲ੍ਹਾ ਡੁੱਮਣ ਸਿੰਘ'। ਬਜਾਰ ਕਾਠੀਆਂ ਤੇ ਲੂਣ ਮੰਡੀ।

ਠੀਕ ਏਸੇ ਤਰਾਂ ਰੱਬ ਦਾ ਨਾਂ ਵੀ ਉਹਦੇ ਗੁਣਾਂ ਜਾਂ ਸਿਫਤਾਂ ਵਿੱਚ ਹੀ ਹੈ। ਪਰ ਰੱਬ ਅਜਿਹੀ ਤਾਕਤ ਹੈ ਜਿਸ ਦਾ ਬਿਆਨ ਨਹੀ ਕੀਤਾ ਜਾ ਸਕਦਾ। ਜੇ ਇੱਕ ਮੋਟੀ ਜਿਹੀ ਉਦਾਹਰਣ ਦਿੱਤੀ ਜਾਏ 'ਬਿਜਲੀ ਦੇ ਕਰੰਟ' ਦੀ ਤਾਂ ਸ਼ਾਇਦ ਗੱਲ ਕੁਝ ਸਪੱਸ਼ਟ ਹੋ ਸਕਦੀ ਹੈ। ਕਰੰਟ ਨਾਲ ਪੱਖਾ ਚਲਦਾ ਹੈ ਜੋ ਹਵਾ ਦਿੰਦਾ ਹੈ, ਹੀਟਰ ਚਲਦਾ ਹੈ ਜੋ ਗਰਮੀ ਪੈਦਾ ਕਰਦਾ ਹੈ, ਬਲਬ ਟਿਊਬਲਾਈਟ ਜਗਾ ਸਕਦਾ ਹੈ, ਪਾਣੀ ਖਿੱਚਣ ਵਾਲਾ ਪੰਪ ਚਲਾ ਸਕਦਾ ਹੈ ਆਦਿ ਆਦਿ...। ਓਸੇ ਤਰਾਂ ਰੱਬ ਦੇ ਗੁਣ ਹਨ ਕਿ : ਉਹ ਕਰਤਾਰ ਹੈ : ਪੈਦਾ ਕਰਦਾ ਹੈ, ਦਾਤਾਰ - ਜੀਵਾ ਨੂੰ ਦਾਤਾਂ ਦਿੰਦਾ ਹੈ, ਅਚੁਤ - ਤਬਾਹ ਨਹੀ ਹੋ ਸਕਦਾ, ਅੰਤਰਜਾਮੀ - ਸਾਰਿਆਂ ਦੇ ਦਿੱਲਾਂ ਦੀ ਜਾਣਦਾ ਹੈ, ਮੋਹਨ - ਮਨਾਂ ਨੂੰ ਮੋਹ ਲੈਣ ਵਾਲਾ, ਕ੍ਰਿਸ਼ਨ - ਹੰਕਾਰ ਭੰਨਣ ਵਾਲਾ, ਜਗਦੀਸ਼ -ਜਗਤ ਦਾ ਮਾਲਕ ਹੈ, ਹਰੀ- ਸਭ ਤੋ ਪਿਆਰਾ, ਵਾਸਦੇਵ- ਖੂਬਸੂਰਤ, ਅਜੂੰਨੀ -ਜੂਨਾਂ ਤੋ ਰਹਿਤ, ਨਿਰਵੈਰ- ਵੈਰ ਰਹਿਤ, ਨਿਰਭਉ- ਡਰ ਤੋਂ ਰਹਿਤ, ਅਕਾਲ- ਸਮੇਂ ਸੀਮਾ ਤੋਂ ਰਹਿਤ, ਗੁਰਪ੍ਰਸਾਦਿ ਗੁਰੂ ਦੀ ਕਿਰਪਾ ਸਦਕਾ ਨਜਰ ਆਉਣ ਵਾਲਾ, ਸੈਭੰ- ਖੁਦ ਹੀ ਸਥਾਪਤ ਆਦਿ।

ਭਾਵ ਇਸ ਪ੍ਰਕਾਰ ਉਸ ਰਬ ਦੇ ਕਰੋੜਾਂ ਅਰਬਾਂ ਨਾ ਹੋ ਸਕਦੇ ਹਨ ਪਰ ਪੂਰਾ ਨਾਂ ਕੋਈ ਨਹੀ। ਹਾਂ ਇੱਕ ਨਾਂ ਥੋੜਾ ਜਿਆਦਾ ਢੁਕਵਾ ਹੈ ਤੇ ਉਹ ਹੈ ਸੱਚ ਜਾਂ ਸਤਿ ਜਾਂ ਸਤਿਨਾਮ। ਏਸੇ ਕਰਕੇ ਹੀ ਪੰਚਵੇ ਨਾਨਕ ਨੇ ਸੈਕੜੇ ਨਾਂ ਲੈਣ ਉਪਰੰਤ ਲਿਖਿਆਂ ਹੈ: **ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ਸਤਿ ਨਾਮੁ ਤੇਰਾ ਪਰਾ ਪੂਰਬਲਾ ॥** (ਪੰ.1083)

ਦਸਮ ਨਾਨਕ ਨੇ ਜਾਪ ਸਾਹਿਬ ਵਿੱਚ 'ਸਤਿਨਾਮ' ਦੇ ਹਜ਼ਾਰਾਂ ਨਾਲ ਦਿੱਤੇ ਤੇ ਕਿਹਾ ਕਿ: **ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮੱਤ॥** ਐ ਨਿਰੰਕਾਰ ਅਸੀ ਤੇਰੇ ਗੁਣਾਂ ਦੇ ਆਧਾਰ ਤੇ ਤੈਨੂੰ ਨਾਮ ਦੇ ਰਹੇ ਹਾਂ।

ਸਾਰੀ ਸ੍ਰਿਸਟੀ ਹੀ ਉਸ ਪ੍ਰਮਾਤਮਾ ਦੀ ਰਚਨਾ ਹੈ ਤੇ ਜਿੰਨੀਆਂ ਵੀ ਚੀਜ਼ਾਂ ਪੈਦਾ ਕੀਤੀਆ ਹਨ ਉਹ ਹੀ ਉਹਦਾ ਨਾਂ ਹੈ : ਪ੍ਰਿਥਵੀ ਨੂੰ ਪੈਦਾ ਕਰਨਾ ਵਾਲਾ, ਸੂਰਜ ਨੂੰ ਪੈਦਾ ਕਰਨ ਵਾਲਾ, ਹਾਥੀ ਨੂੰ ਪੈਦਾ ਕਰਨ ਵਾਲਾ, ਕੀੜੀ ਨੂੰ ਪੈਦਾ ਕਰਨ ਵਾਲਾ, ਪਹਾੜ ਪੈਦਾ ਕਰਨ ਵਾਲਾ ਭਾਵ: 'ਜੇਤਾ ਕੀਤਾ ਤੇਤਾ ਨਾਉ'॥ (ਜਪੁਜੀ)

**ਸੋ ਉਸ ਪ੍ਰਭੂ ਨੂੰ ਕਿਵੇ ਧਿਆਈਏ ਜੋ ਹੈ ਹੀ ਨਿਰੰਕਾਰ?** ❃ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ ॥ (ਪੰ.644)

**ਉਤਰ:- ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥** ਗੁਰਬਾਣੀ ਵਿੱਚ ਫਿਰ ਇੱਕ ਨਹੀ ਹਜਾਰਾਂ ਥਾਵਾਂ ਤੇ ਜੁਆਬ ਦਿੱਤਾ ਹੈ ਕਿ ਉਸ ਦੀ ਸਿਫਤ ਕਰਕੇ ਹੀ ਉਸ ਨੂੰ ਧਿਆਉਣਾ ਹੈ:-❃ **ਹਰਿ ਗੁਣ ਪੜੀਐ ਹਰਿ ਗੁਣ ਗੁਣੀਐ ॥ ਹਰਿ ਹਰਿ ਨਾਮ ਕਥਾ ਨਿਤ ਸੁਣੀਐ ॥**

ਪੈਰ ਸਫ਼ਾ ਮੈਂ ਕੁਰਬਾਨ ਜਾਂਨਾ ਹਾਂ ਤੇਰੇ ਨਾਵਾਂ ਤੋਂ, ਤੇਰੀਆਂ ਸਿਫਤਾਂ ਤੋਂ ❋**ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥** (ਪੰ.1168) ਸੋ ਉਸ ਰੱਬ ਦੀਆਂ ਸਿਫਤਾਂ ਹੀ ਉਸ ਦਾ ਨਾਂ ਹਨ।

ਪ੍ਰਭੂ ਦੀਆਂ ਸਿਫਤਾਂ ਫਿਰ ਆਪਾ ਗਾ ਕੇ ਕੀਰਤਨ ਰਾਹੀ ਕਰ ਸਕਦੇ ਹਾਂ, ਗੱਲਾਂ ਬਾਤਾਂ ਤੇ ਵੀਚਾਰਾਂ ਰਾਹੀ ਕਰ ਸਕਦੇ ਹਾਂ। ਸੋ ਜਿਸਤਰਾਂ ਵੀ ਉਹਦੀਆਂ ਸਿਫਤਾਂ ਹੋਣ ਸਭ ਨਾਮ ਹੀ ਹੈ।

❋ ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥ ❋ ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ ॥ ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ ॥ ❋ ਸਚੁ ਸਲਾਹਨਿ ਸੇ ਸਚੇ ਸਚਾ ਨਾਮੁ ਅਧਾਰੁ ॥ ❋ ਨਾਨਕ ਨਾਮੁ ਸਲਾਹਿ ਤੂੰ ਅੰਤੁ ਨ ਪਾਰਾਵਾਰੁ ॥ ❋ ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ ॥ ❋ ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ ॥ ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ ॥ ❋ ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥ ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥ ❋ ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ ਦਰਿ ਸਚੈ ਸੋਭਾ ਪਾਵਣਿਆ ॥(ਗੁਰਬਾਣੀ ਵਿੱਚ ਅਜਿਹੀਆਂ ਲੱਖਾਂ ਉਦਾਹਰਣਾਂ ਹਨ)

ਸੋ ਰੱਬ ਦਾ ਨਾਂ ਜੱਪਣ ਦਾ ਮਤਲਬ ਵੀ ਸਿੱਧਾ ਜਿਹਾ ਹੋਇਆ ਭਾਵ ਉਹਦੀਆਂ ਸਿਫਤਾਂ ਤਾਕਤਾਂ ਗਾਉਣਾਂ। ਗੁਣਗਾਨ ਗਾ ਕੇ ਕੀਤਾ ਜਾ ਸਕਦਾ ਹੈ, ਵੀਚਾਰਾਂ ਰਾਂਹੀ ਕੀਤਾ ਜਾ ਸਕਦਾ ਹੈ। ਪੜ੍ਹ ਕੇ ਬੋਲ ਕੇ ਕੀਤਾ ਜਾ ਸਕਦਾ ਹੈ। ਸੋ ਨਾਮ ਨੂੰ ਸੁਣਨਾ, ਵੀਚਾਰਨਾ, ਖੋਜਣਾ ਵੀ ਨਾਮ ਜੱਪਣ ਤੁੱਲ ਹੀ ਹੁੰਦਾ ਹੈ।

ਤੀਸਰੇ ਨਾਨਕ ਨੇ ਉਦਾਹਰਣਾਂ ਦੇ ਦੇ ਕੇ ਦੱਸਿਆ ਗਇਆ ਕਿ ਵੇਖੋ ਫਲਾਣੇ ਭਗਤ ਨੇ ਪੂਜਾ ਰਾਂਹੀ ਪ੍ਰਾਪਤ ਕੀਤਾ, ਫਲਾਣੇ ਨੇ ਪੱਥਰ 'ਚੋਂ ਪਾ ਲਿਆ, ਫਲਾਣੇ ਨੇ ਤੱਪ ਰਾਂਹੀ ਹਾਸਲ ਕਰ ਲਿਆ ਤਾਂ ਗੁਰੂ ਸਾਹਿਬ ਨੇ ਕਿਸੇ ਦੀ ਨੁਕਤਾਚੀਨੀ ਕਰਨ ਦੇ ਬਿਜਾਏ ਸਿੱਧਾ ਕਹਿ ਦਿੱਤਾ:-

**ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥ ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨॥**

ਨੋਟ- ਜੇ ਫਿਰ ਵੀ ਤਸੱਲੀ ਨਾਂ ਹੋਈ ਹੋਵੇ ਤਾਂ ਹੇਠਾਂ ਕੁਝ ਹੋਰ ਵੀ ਗੁਰਬਾਣੀ ਦੀਆਂ ਪਵਿਤ੍ਰ ਤੁੱਕਾਂ ਦਿੱਤੀਆਂ ਹਨ ਜੋ ਸਾਬਤ ਕਰਦੀਆਂ ਹਨ ਕਿ

ਜਸ ਗਾਉਣਾ, ਉਸਤਤ, ਵਡਿਆਈਆਂ, ਸਿਫਤ ਸਾਲਾਹ, ਕੀਰਤੀ ਕਰਨੀ ਹੀ ਨਾਮ ਹੈ ਤੇ ਨਾਮ ਹੀ ਉਸ ਦੀ ਪ੍ਰਾਪਤੀ ਦਾ ਇਕੋ ਇੱਕ ਰਸਤਾ ਹੈ। ਹੇਠਾਂ ਗੁਰਬਾਣੀ ਦੀਆਂ ਤੁਕਾਂ ਦਿੱਤੀਆਂ ਗਈਆਂ ਹਨ ਇਹ ਦੱਸਣ ਲਈ ਕਿ ਜਸ ਗਾਉਣਾ ਭਾਵ ਗੁਰਬਾਣੀ ਪਾਠ ਸਿੱਖ ਦਾ ਰੂਹਾਨੀਅਤ ਮਾਰਗ ਹੈ। ਹਰ ਤੁੱਕ ਦੇ ਮਗਰ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਨੰਬਰ ਦਿੱਤਾ ਗਇਆ ਹੈ। **ਇਹ ਇਸ ਕਰਕੇ ਇਥੇ ਦਿੱਤੀਆਂ ਜਾ ਰਹੀਆ ਹਨ ਕਿਉਕਿ ਪੰਜਾਬ ਦੇ ਅਜੋਕਾ ਦੌਰ ਦੇ ਜੋਗੀਆਂ ਨੇ ਵੱਡਾ ਕੁਫਰ ਤੋਲ ਕੇ ਬਹੁਤ ਕਿਤਾਬਾਂ ਲਿਖ ਮਾਰੀਆਂ ਹਨ ਇਹ ਸਾਬਤ ਕਰਨ ਲਈ ਕਿ 'ਨਾਦ - ਜੋਤ' ਤੇ ਸੁਰਤ ਟਿਕਾਈ ਰੱਖਣਾ ਨਾਮ ਹੈ। ਉਹ ਸਿੱਖਾਂ ਨੂੰ ਸਮਾਧੀ ਵਾਲੇ ਪਾਸੇ ਲਿਜਾ ਰਹੇ ਹਨ ਜਦੋਂ ਕਿ ਸਿੱਖੀ ਕਾਰਜਸ਼ੀਲ ਮਨੁੱਖ ਦਾ ਧਰਮ ਹੈ:-**

❋ ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ ॥ ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ ॥ ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ ॥ -37 ❋ ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥ -642 ❋ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥ ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ -2 ❋ ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥ -5 ❋ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥ -16 ❋ ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥ ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥ -27 ❋ ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ ॥ -28 ❋ ਮਨ ਮੇਰੇ ਕਰਤੇ ਨੋ ਸਾਲਾਹਿ ॥ -43 ❋ ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ॥ -49 ❋ ਹਰਿ ਗੁਣ ਪੜੀਐ ਹਰਿ ਗੁਣ ਗੁਣੀਐ ॥ ਹਰਿ ਹਰਿ ਨਾਮ ਕਥਾ ਨਿਤ ਸੁਣੀਐ ॥ ਮਿਲਿ ਸਤਸੰਗਤਿ ਹਰਿ ਗੁਣ ਗਾਏ ਜਗੁ ਭਉਜਲੁ ਦੁਤਰੁ ਤਰੀਐ ਜੀਉ ॥ 1॥ -95 ❋ ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ ਦਰਿ ਸਚੈ ਸੋਭਾ ਪਾਵਣਿਆ ॥ -127 ❋ ਅਨਦਿਨੁ ਗੁਣ ਗਾਵਾ ਪ੍ਰਭ ਤੇਰੇ ॥ ਤੁਧੁ ਸਾਲਾਹੀ ਪ੍ਰੀਤਮ ਮੇਰੇ ॥ -130 ❋ ਕੈਹਾ ਕੰਚਨੁ ਤੁਟੈ ਸਾਰੁ ॥ ਅਗਨੀ ਗੰਢੁ ਪਾਏ ਲੋਹਾਰੁ ॥ ਗੋਰੀ ਸੇਤੀ ਤੁਟੈ ਭਤਾਰੁ ॥ ਪੁਤੀਂ ਗੰਢੁ ਪਵੈ ਸੰਸਾਰਿ ॥ ਸਿਫਤੀ ਗੰਢੁ ਪਵੈ ਦਰਬਾਰਿ ॥ -143 ❋ ਬਾਰ ਬਾਰ ਹਰਿ ਕੇ ਗੁਨ ਗਾਵਉ ॥ -344 ❋ ਗੁਣ ਗਾਵਾ ਗੁਣ ਬੋਲੀ ਬਾਣੀ ॥ -367 ❋ ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ ॥ -367 ❋ ਬਕੈ ਨ ਬੋਲੈ ਹਰਿ ਗੁਣ ਗਾਵੈ ॥ -411 ❋ ਗੁਰ ਪਰਸਾਦੀ ਕਰਮ ਕਮਾਉ ॥ ਨਾਮੇ ਰਾਤਾ ਹਰਿ ਗੁਣ ਗਾਉ ॥ -415 ❋ ਸਚਾ ਸਬਦੁ ਸਚੀ ਹੈ ਬਾਣੀ ॥ -424 ❋ ਨਾਮੁ ਸੁਣੀਐ ਨਾਮੁ ਮੰਨੀਐ ਨਾਮੇ ਵਡਿਆਈ ॥ ਨਾਮੁ ਸਲਾਹੇ ਸਦਾ ਸਦਾ ਨਾਮੇ ਮਹਲੁ ਪਾਈ ॥ -426 ❋ ਸਚੀ ਤੇਰੀ ਸਿਫਤਿ ਸਚੀ ਸਾਲਾਹ ॥ -463 ❋ ਵਡਿਆਈ ਵਡਾ ਪਾਇਆ ॥ -467 ❋ ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ -468 ❋ ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥ -494

(ਅਜਿਹੀਆਂ ਹਜਾਰਾਂ ਹੋਰ ਵੀ ਪਵਿਤ੍ਰ ਤੁਕਾਂ ਅਸੀ ਗੁਰਬਾਣੀ ਵਿਚੋਂ ਲਈਆਂ ਹਨ। ਸਾਰੀਆਂ ਇਥੇ ਦੇਣੀਆਂ ਸੰਭਵ ਨਹੀ। ਜੇ ਕਿਸੇ ਵੀਰ ਨੂੰ ਅਜੇ ਵੀ ਸ਼ੱਕ ਹੋਵੇ ਤਾਂ ਵੈਬਸਾਈਟ www.jindaginama .com ਤੇ ਪੂਰੀ ਲਿਸਟ ਵੇਖੀ ਜਾ ਸਕਦੀ ਹੈ ਜੀ।)

ਸੋ ਗੁਰਬਾਣੀ ਵਿੱਚ ਹਰ ਥਾਂ ਇਹੋ ਆਇਆ ਹੈ ਕਿ ਸਿਫਤ ਸਾਲਾਹ ਹੀ ਉਹਦੀ ਪ੍ਰਾਪਤੀ ਦਾ ਇਕੋ ਇੱਕ ਰਾਹ ਹੈ।

----◆-----

## ਗੁਰਬਾਣੀ ਵੀ ਤਾਂ ਨਾਮ ਹੀ ਹੈ

### ਕਿਉਕਿ ਗੁਰਬਾਣੀ ਵਿੱਚ ਕਰਤਾਰ ਦੀ ਸਿਫਤ ਸਲਾਹ ਹੈ।

ਗੁਰੂ ਨਾਨਕ ਦੇ ਘਰ ਦਾ ਇੱਕ ਮੁੱਢਲਾ ਤਰੀਕਾ ਹੈ ਕਿ ਪ੍ਰਭੂ ਪ੍ਰਾਪਤੀ ਲਈ ਇਨਸਾਨ ਉਸ ਦੀ ਉਸਤਤ ਕਰੇ ਤੇ ਆਪਣੀ ਊਣਤਾਈ ਨੂੰ ਅੱਗੇ ਰੱਖੇ। ਗੁਰਬਾਣੀ ਵਿੱਚ ਬਸ ਦੋ ਹੀ ਚੀਜਾਂ ਹਨ ਇੱਕ ਸਿਫਤ ਸਲਾਹ ਤੇ ਦੂਸਰਾ ਇਨਸਾਨ ਦੀ ਊਣਤਾਈ। ਕਿਉਕਿ 'ਜੱਸ' ਹੀ ਨਾਮ ਹੁੰਦਾ ਹੈ ਇਸ ਕਰਕੇ ਗੁਰਬਾਣੀ ਹੀ ਨਾਮ ਹੈ। ਫਿਰ ਵੀ ਗੁਰੂ ਸਾਹਿਬਾਨ ਨੇ ਗੱਲ ਸਾਫ ਕਰ ਦਿੱਤੀ ਹੈ ਕਿ ਬਾਣੀ ਵੀ ਨਾਮ ਹੈ। ਹੇਠਾਂ ਵੇਖੋ ਪਰਮਾਣ:-

❋ ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥ (1239) ❋ ਗੁਣ ਗਾਵਾ ਗੁਣ ਬੋਲੀ ਬਾਣੀ ॥ 367), ❋ ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ (ਪੰ-982) ❋ ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ ॥ (ਪੰ-1028) ❋ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ॥ (ਪ96) ❋ ਅਨਦਿਨੁ ਗੁਣ ਗਾਵਾ ਪ੍ਰਭ ਤੇਰੇ ॥ ਤੁਧੁ ਸਾਲਾਹੀ ਪ੍ਰੀਤਮ ਮੇਰੇ ॥ -130 ❋ ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥ -494 ❋ ਸੁਣਿ ਵਡਭਾਗੀਆ ਹਰਿ ਅੰਮ੍ਰਿਤ ਬਾਣੀ ਰਾਮ ॥ -545 ❋ ਬਿਨਵੰਤਿ ਨਾਨਕ ਸਦਾ ਗਾਈਐ ਪਵਿਤ੍ਰ ਅੰਮ੍ਰਿਤ ਬਾਣੀ ॥ -545 ❋ ਨਿਰਮਲ ਸਬਦੁ ਨਿਰਮਲ ਹੈ ਬਾਣੀ ॥ ਨਿਰਮਲ ਜੋਤਿ ਸਭ ਮਾਹਿ ਸਮਾਣੀ ॥ ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥ ❋ ਅਨਦਿਨੁ ਗੁਣ ਗਾਵਾ ਪ੍ਰਭ ਤੇਰੇ ॥ ਤੁਧੁ ਸਾਲਾਹੀ ਪ੍ਰੀਤਮ ਮੇਰੇ ॥ -130 ❋ਸਾਚੀ ਬਾਣੀ ਸਦਾ ਗੁਣ ਗਾਵੈ ਇਸੁ ਜਨਮੈ ਕਾ ਲਾਹਾ ਹੇ ॥ -1053 ❋ਅਨਦਿਨੁ ਬਾਣੀ ਸਬਦੇ ਗਾਂਵੈ ਸਾਚਿ ਰਹੈ ਲਿਵ ਲਾਇ ॥ -1259 ❋ਸਾਚੀ ਗਤਿ ਸਾਚੈ ਚਿਤੁ ਲਾਏ ॥ ਗੁਰ ਕੀ ਬਾਣੀ ਸਬਦਿ ਸੁਣਾਏ ॥ -1277 ❋ਅਨਦਿਨੁ ਬਾਣੀ ਸਬਦਿ ਸੁਣਾਏ ਸਚਿ ਰਾਤੇ ਰੰਗਿ ਰੰਗਾਵਣਿਆ ॥ ❋ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥ ❋ਸਾਚੇ ਰਾਤੀ ਗੁਰ ਸਬਦੁ ਵੀਚਾਰ ॥ ਅੰਮ੍ਰਿਤੁ ਪੀਵੈ ਨਿਰਮਲ ਧਾਰ ॥ ❋ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ ॥ ॥ ❋ਅਨਦਿਨੁ ਬਾਣੀ ਸਬਦੇ ਗਾਂਵੈ ਸਾਚਿ ਰਹੈ ਲਿਵ ਲਾਇ ॥ -1259 ❋ਅਨਦਿਨੁ ਕੀਰਤਨੁ ਸਦਾ ਕਰਹਿ ਗੁਰ ਕੈ ਸਬਦਿ ਅਪਾਰਾ ॥ ਸਬਦੁ ਗੁਰੂ ਕਾ ਸਦ ਉਚਰਹਿ ਜੁਗੁ ਜੁਗੁ ਵਰਤਾਵਣਹਾਰਾ ॥ -593, ❋ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ ॥ ਮਤਿ ਗੁਰਮਤਿ ਕੀਰਤਿ ਪਾਈਐ ਹਰਿ ਨਾਮਾ ਹਰਿ ਉਰਿ ਹਾਰੁ ॥ -1314

----◆-----

## ਸ਼ਬਦ ਕੀ ਹੈ?

ਕਿਉਕਿ ਸਿੱਧ ਜੋਗੀ ਬਿਨਾਂ ਕੋਈ ਲਫਜ ਕਹੇ ਸਮਾਧੀ ਲਾਈ ਬੈਠੇ ਰਹਿੰਦੇ ਹਨ ਤੇ ਸੁਰਤ ਤੇ ਧਿਆਨ ਦਿੰਦੇ ਹਨ ਇਸ ਪੱਧਤੀ ਦਾ ਗੁਰੂ ਸਾਹਿਬ ਨੇ ਖੰਡਣ ਕੀਤਾ ਤੇ ਉਪਦੇਸ਼ ਦਿੱਤਾ ਹੈ ਕਿ ਉਹਦੀ ਸਿਫਤ ਸਲਾਹ ਦਾ ਸ਼ਬਦ ਕਹੇ ਬਗੈਰ ਭਗਤੀ ਅਧੂਰੀ ਹੈ।

ਸੋ ਗੁਰਮਤ ਦਾ ਸਬਦ : ਸਿੱਖੀ ਵਿੱਚ ਗੁਰੂ ਕਾ 'ਸ਼ਬਦ' ਸਤਿਨਾਮ, ਵਾਹਿਗੁਰੂ ਹੈ ਜਾਂ ਫਿਰ ਗੁਰਬਾਣੀ ਦੀ ਕੋਈ ਇਕਾਈ ਜਾਂ ਫਿਰ ਪੂਰੀ ਗੁਰਬਾਣੀ ਵੀ। ਉਦਾਹਰਣ ਦੇ ਤੌਰ ਤੇ ਜਦ ਆਪਾਂ ਮੂਲ ਮੰਤਰ ਦਾ ਸਿਮਰਨ ਕਰਦੇ ਹਾਂ ਤਾਂ ਉਹ ਵੀ ਸ਼ਬਦ ਹੈ। ਪੂਰਾ ਜਪੁਜੀ ਵੀ ਸ਼ਬਦ ਹੈ। ਹੁਕਮਨਾਮੇ 'ਚ ਆਇਆ ਪੂਰਾ ਪਾਠ ਵੀ ਸ਼ਬਦ ਹੈ। (ਸਚਾ ਸਬਦੁ ਸਚੀ ਹੈ ਬਾਣੀ ॥ 1044, ਗੁਰ ਕਾ ਸਬਦੁ ਅੰਮ੍ਰਿਤੁ ਹੈ ਬਾਣੀ ॥ 1057 )। ਸੋ ਗੁਰਬਾਣੀ ਦੀ ਇਕਾਈ ਹੀ ਸ਼ਬਦ ਹੈ। ਇਸ ਪ੍ਰਕਾਰ ਕਦੀ ਨਿਰੰਕਾਰ ਦੀ ਖੋਜ ਸਬੰਧੀ ਵਿਚਾਰ ਕਰਨੀ ਵੀ ਸ਼ਬਦ ਹੈ। ਉਹਦੇ ਗੁਣਾਂ ਬਾਬਤ ਵੀਚਾਰ ਕਰਨਾਂ ਵੀ ਸ਼ਬਦ ਹੈ।

----◆-----

ਪੈੜ ਸਫ਼ਾ

ਇਹ ਗੱਲਾਂ ਇਸ ਕਰਕੇ ਲਿਖਣੀਆਂ ਪਈਆਂ ਹਨ ਕਿਉਕਿ ਅੱਜ ਪੰਜਾਬ ਵਿਚ ਵੱਖ ਵੱਖ ਡੇਰੇ ਉਤਪਨ ਹੋ ਚੁੱਕੇ ਹਨ ਜੋ ਗੁਰਮਤ ਬਾਬਤ ਲੋਕਾਈ ਨੂੰ ਗੁਮਰਾਹ ਕਰ ਰਹੇ ਹਨ। ਇਨਾਂ ਦੇ ਆਖੇ ਗੁਰੂ ਨਾਨਕ ਵੀ ਜੋਗੀ ਸੀ। ਇਹ 'ਗੁਰਮਤ ਸਿਧਾਂਤ' ਬਾਬਤ ਗੁਮਰਾਹ ਕਰਕੇ ਲੋਕਾਈ ਨੂੰ ਰੱਬ ਦੀ ਉਸਤਤ ਤੋਂ ਵਰਜ ਲੋਕਾਂ ਨੂੰ ਸਰੀਰਕ ਅਭਿਆਸਾਂ ਵਲ ਧੱਕ ਰਹੇ ਨੇ।

ਇਨਾਂ ਡੇਰਿਆਂ ਵਿਚੋਂ ਹੀ ਇਕ ਡੇਰੇ ਦੀ ਕਿਤਾਬ 'ਗੁਰਮਤ ਸਿਧਾਂਤ' ਵਿਚੋਂ ਕੁਝ ਵੰਨਗੀਆਂ ਦੇ ਰਹੇ ਹਾਂ ਕਿ ਵੇਖੋ ਕਿਵੇ ਗੁਮਰਾਹ ਕਰ ਰਹੇ ਨੇ ਭੋਲੀ ਭਾਲੀ ਲੋਕਾਈ ਨੂੰ:

## ਆਹ ਵੇਖੋ ਇਨ੍ਹਾਂ ਦੀ ਲਿਆਕਤ !

## "ਨਾਮ ਕੀ ਹੈ ?"

ਅਖੇ ਨਾਮ ਦਾ ਬਿਆਨ ਕਰਨਾਂ ਅਸੰਭਵ ਹੈ।

1. ਨਾਮ ਕੀ ਹੈ? ਨਾਮ ਚੇਤਨ ਜਾਂ ਸਬਦ ਦੀ ਧਾਰ ਨੂੰ ਕਹਿਦੇ ਹਨ। ਇਸ ਵਿੱਚ ਥਰਥਰਾਹਟ ਹੁੰਦੀ ਹੈ ਜਾਂ ਆਵਾਜ਼ ਪ੍ਰਗਟ ਹੁੰਦੀ ਹੈ ਉਸਨੂੰ ਅਸੀਂ ਨਾਮ ਕਹਿਦੇ ਹਾਂ- ਪੰਨਾ 359। (ਸੁਣ ਲਓ! ਨਾਮ ਧਾਰ ਹੋ ਗਇਆ!)

2. ਨਾਮ- ਮਾਲਕ ਦਾ ਸੱਚਾ ਨਾਮ ਲਫਜ਼ ਨਹੀ, ਉਹ ਕੋਈ ਹੋਰ ਚੀਜ ਹੈ। ਉਹ ਮਿੱਠੀਆਂ ਤੇ ਰਸ ਭਰੀਆਂ ਧੁਨਾਂ ਹਨ ਉਸ ਵਿੱਚ ਪ੍ਰਕਾਸ਼ ਵੀ ਹੈ। -ਪੰ.351 (ਹਾ ਹਾ!! )

3. ਨਾਮ ਦਾ ਭਾਵ ਹੈ ਸ਼ਬਦ ਜਾਂ ਅਨਹਦ ਧੁਨ। -ਪੰ.460

4. ਅਸਲੀ ਨਾਮ ਗੁਪਤ ਹੈ। -ਪੰ.79 ਅਤੇ ਪੰ.365

ਸੋ ਇਹ ਹੈ ਇਨਾਂ ਦਾ ਨਾਮ। ਅਖੇ ਨਾਮ ਦਾ ਮਤਲਬ ਰੱਬ ਦਾ ਨਾਂ ਨਹੀ ਨਾਮ ਕੁਝ ਹੋਰ ਚੀਜ ਹੈ। ਤੇ ਅੱਗੇ ਜਾ ਕੇ ਇਨਾਂ ਸਾਫ ਹੀ ਕਹਿ ਦਿੱਤਾ ਕਿ ਜੋਤ ਦਾ ਵੇਖਣਾ ਤੇ ਧੁੰਨ ਦਾ ਸੁਣਨਾ ਹੀ ਨਾਮ ਹੈ।

'ਨਾਮ' ਦਾ ਸਿਧਾਂਤ ਮੁੱਢਲਾ ਮਸਲਾ ਹੈ ਜੇ ਇਥੇ ਇਹ ਹੇਰਾ ਫੇਰੀ ਨਾਂ ਕਰਨ ਤਾਂ ਇਹਨਾਂ ਦੀ ਅੱਗੇ ਗੱਲ ਤੁਰਦੀ ਨਹੀ । ਇਹ ਫਿਰ ਗੁਰਬਾਣੀ ਵਿਚੋਂ ਅਧੂਰਾ ਸ਼ਬਦ ਚੁੱਕ ਕੇ ਮਿਸਾਲ ਦੇਣੀ ਸ਼ੁਰੂ ਕਰ ਦਿੰਦੇ ਹਨ। ਕੁਝ ਅਜਿਹੀਆਂ ਦਿੱਤੀਆਂ ਉਦਾਹਰਣਾਂ ਦੇਖੋ:-

1." **ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥**" ਪਰ ਚਲਾਕੀ ਨਾਲ ਅਗਲੀ ਤੁੱਕ ਨੂੰ ਜਾਣ ਕੇ ਛੱਡ ਜਾਣਗੇ - ".. **ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥**" (ਸਗਗਸ ਅੰਗ- 879) ਜਾਂ ਫਿਰ ਕਹਿਣਗੇ ਸ਼ਬਦ ਦਾ ਮਤਲਬ ਅੰਦਰ ਵਾਲਾ ਸ਼ਬਦ।

2. **ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ ॥ ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ ॥** {ਪਰ ਅਗਲੀ ਤੁੱਕ ਵਿੱਚ ਕੀਰਤ ਦੀ ਗੱਲ ਹੈ ਉਨੂੰ ਇਹ ਜਾਣ ਬੁੱਝ ਕੇ ਛੱਡ ਜਾਣਗੇ। "**ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ ॥ ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ ॥**" (ਸਗਗਸ ਅੰਗ-877)

ਅਜਿਹੀਆਂ ਇੱਕ ਨਹੀ, ਇਨਾਂ ਨੇ ਗੁਰਬਾਣੀ ਦੀਆਂ ਹਜਾਰਾਂ ਤੁੱਕਾਂ ਦੇ ਦੇ ਕੇ ਭੋਲੇ ਭਾਲੇ ਗੁਰਸਿੱਖਾਂ ਨੂੰ ਗੁੰਮਰਾਹ ਕੀਤਾ ਹੋਇਆ ਹੈ।

ਜਦੋਂ ਕਿ ਸੱਚਾਈ ਇਹ ਹੈ ਕਿ ਗੁਰੂ ਸਾਹਿਬ ਨੇ ਇਨਾਂ ਦੇ ਬਿਨਾਂ-ਸਬਦ-ਸਮਾਧੀ ਵਾਲੇ ਅਭਿਆਸ ਦਾ ਥਾਂ ਥਾਂ ਖੰਡਣ ਕੀਤਾ ਹੈ।

"**ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥ ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥ ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ ॥ ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰ ਧਾਰਿ ॥**"

ਕਿਉਕਿ ਗੁਰਮਤ ਕਾਰਜਸ਼ੀਲ ਮਨੁੱਖ ਦਾ ਰਸਤਾ ਹੈ ਤੇ ਜੋਗਮਤ ਸਨਿਆਸ ਵਲ ਜਾਂਦਾ ਹੈ ਇਸ ਕਰਕੇ ਇਨਾਂ ਨਵੀ ਨਸਲ ਦੇ ਜੋਗੀ ਥਾਂ ਥਾਂ ਫਸਦੇ ਨੇ ਤੇ ਫਿਰ ਹਾਸੋਹੀਣਾ ਜਿਹਾ ਝੂਠ ਬੋਲਣਾ ਪੈਦਾ ਹੈ ਇਹਨਾਂ ਨੂੰ। ਕਿਉਂਕਿ ਗੁਰਮਤ ਵਿੱਚ ਕਈ ਵੱਖਰੇ ਸਿਧਾਂਤ ਜਾਂ ਸੰਕਲਪ ਹਨ ਜਿਵੇਂ: ਨਾਮ-ਸਿਫਤ ਸਲਾਹ, ਗੁਰਬਾਣੀ ਨਿਤਨੇਮ, ਜਾਪ ਗੁਰਬਾਣੀ, ਅਰਦਾਸ, ਸੱਚ ਦਾ, ਸੇਵਾ, ਕੀਰਤਨ, ਬਹਿੰਦਿਆਂ ਉਠਦਿਆਂ ਪ੍ਰਭੂ ਨੂੰ ਯਾਦ ਕਰਨਾ, ਇਸ਼ਨਾਨ, ਅੰਮ੍ਰਿਤ ਵੇਲਾ, ਭਾਣਾ ਜਾਂ ਹੁਕਮ ਮੰਨਣਾ, ਸੰਨਿਆਸ ਖੰਡਨ, ਗ੍ਰਿਸਤ ਨਿਭਾਉਣਾ, ਅੰਮ੍ਰਿਤ ਛੱਕਣਾ, ਕਿਰਪਾਨ, ਸ਼ਹੀਦੀ ਆਦਿ।

ਕਿਉਕਿ ਡੇਰਿਆਂ ਵਿਚ ਇਹਨਾਂ ਨੂੰ ਮੁਫਤ ਦੇ ਸੇਵਾਦਾਰ ਵੀ ਚਾਹੀਦੇ ਹੁੰਦੇ ਨੇ ਹਾਲਾਂ ਜੋਗਮਤ ਵਿਚ ਸੇਵਾ ਦਾ ਸਿਧਾਂਤ ਹੈ ਹੀ ਨਹੀ। ਜੇ ਇਨਾਂ ਨੂੰ ਪੁੱਛੋ ਕਿ ਸਿੱਖ-ਗੁਰਮਤ ਦਾ ਤਾਂ ਸੇਵਾ ਦਾ ਸਿਧਾਂਤ ਹੈ ਪਰ ਤੁਸੀ ਸੇਵਾ ਕਿਓ ਲੈਂਦੋ ਹੋ? ਫਿਰ ਫਸੇ ਫਸਾਏ ਕਹਿਣਗੇ "ਦੇਖੋ ਜੀ! ਸ਼ੁਰੂ 'ਚ ਸੇਵਾ ਕਰਨੀ ਹੈ ਬਾਦ ਵਿੱਚ ਸ਼ਬਦ ਚਲ ਪਊਗਾ। " ਜੇ ਇਸ਼ਨਾਨ ਦੀ ਗੱਲ ਆਈ ਤਾਂ ਕਹਿਣਗੇ "ਜੀ ਅੰਦਰ ਦਾ ਇਸ਼ਨਾਨ ਕਰਨਾਂ ਹੈ। " ਤੇ ਕੀਰਤਨ ਤੇ ਆ "ਜੀ ਅੰਦਰ ਵਾਲਾ ਕੀਰਤਨ ਕਰਨਾਂ ਹੈ। " ਪਰ ਜਦੋਂ ਗੁਰੂ ਦੇ ਸਿਧਾਂਤ ਭਾਵ ਬਹਿੰਦਿਆਂ ਉਠਦਿਆਂ ਨਾਮ ਜਪਣ ਦੀ ਗੱਲ ਆਉਦੀ ਹੈ ਤਾਂ ਇਹ ਲਾਜਵਾਬ ਹੋ ਜਾਦੇ ਹਨ। ਕਿੱਢਾ ਵੱਡਾ ਗੁਨਾਹ ਕਰ ਰਹੇ ਹਨ ਜਦੋਂ ਕਹਿੰਦੇ ਹਨ ਕਿ ਧਰਮ ਦੇ ਰਸਤੇ ਤੇ ਸੱਚ ਬੋਲਣਾ ਵੀ ਐਨਾ ਜਰੂਰੀ ਨਹੀ। ਸਿੱਖ ਅਕਾਲ ਪੁਰਖ ਦੀ ਸਿਫਤ ਸਲਾਹ ਕਰਦਾ ਹੈ, ਇਹ ਲੋਕ ਉਸ ਨੂੰ ਰੱਬ ਦੀ ਉਸਤਤ ਤੋਂ ਰੋਕ, ਆਸਣਾ ਤੇ ਅਭਿਆਸਾਂ 'ਚ ਪਾ ਰਹੇ ਹਨ। ਕਿਥੇ ਲੇਖਾ ਦੇਣਗੇ?

ਖੈਰ ਜੁਗਾਂ ਜੁਗਾਤਰਾਂ ਤੋਂ ਅਜਿਹਾ ਹੁੰਦਾ ਆਇਆ ਹੈ। ਸ਼ੈਤਾਨ ਕਦੀ ਕਿਸ ਭੇਸ ਤੇ ਕਦੀ ਕਿਸ ਵਿੱਚ ਹੁੰਦਾ ਹੈ। ਹਰਨਾਖਸ਼ ਨੇ ਵੀ ਪ੍ਰਹਿਲਾਦ ਨੂੰ ਨਾਮ ਜਪਣ ਤੋਂ ਹੀ ਰੋਕਿਆ ਸੀ। ਯਾਦ ਰੱਖੋ ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ 'ਨਾਦ-ਜੋਤ' ਦੇ ਜੋਗ ਅਭਿਆਸੀ ਦੌੜ 'ਚ ਪੈਣ ਤੋਂ ਵਰਜਿਆ ਹੈ। ਦੇਖੋ ਅੰਗ 876 ਤੋਂ 879 ਗੁ.ਗ.ਸ।

## ਗੁਰਬਾਣੀ ਦੀਆਂ ਉਹ ਤੁਕਾਂ ਜੋ ਜੋਗੀਆਂ ਦਾ ਝੂਠ ਨਪੜਦ ਕਰ ਦਿੰਦੀਆਂ ਹਨ

ਜੋਗੀ ਕਹਿਦੇ ਹਨ ਕਿ ਜੋਗ ਸਾਧਨਾਂ ਉਪਰੰਤ ਅਲੌਕਿਕ ਅਨੁਭਵ ਹੁੰਦੇ ਹਨ ਜਿਵੇ ਮੱਥੇ ਤੇ ਲਾਟ (ਜੋਤ) ਦਿਸਦੀ ਹੈ ਜਾਂ ਕੰਨ ਵਿੱਚ ਸਾਂ ਸਾਂ (ਅਨਹਦ ਨਾਦ ਜਾਂ ਸਬਦ) ਸੁਣਾਈ ਦਿੰਦੀ ਹੈ। ਗੁਰਮਤ ਕਹਿਦੀ ਹੈ ਕਿ ਨਾਮ ਜਪਣ ਨਾਲ ਭਾਵ ਰਬ ਦਾ ਜਸ ਗਾਉਣ ਤੇ ਸੁਣਨ ਕਰਕੇ ਇਹੋ ਜਿਹੀਆਂ ਸਾਰੀਆਂ ਪ੍ਰਾਪਤੀਆਂ ਆਪਣੇ ਆਪ ਹੋ ਜਾਂਦੀਆਂ ਹਨ, ਜਿਵੇ ਮੱਖਣ ਕੱਢਦਿਆਂ ਛਿੱਡੀ ਆਪਣੇ ਆਪ ਮਿਲ ਜਾਂਦੀ ਹੈ।

ਧਿਆਨ ਰੱਖੋ ਜਿਹਨਾਂ ਨੂੰ ਇਹ ਨਾਦ ਜੋਤ ਕਹਿੰਦੇ ਹਨ ਉਹ ਸਰੀਰਕ ਕ੍ਰਿਆਵਾਂ ਹਨ ਜੋ ਸੁਰਤ ਬੱਝਣ ਤੇ ਮਹਿਸੂਸ ਹੁੰਦੀਆਂ ਹਨ। ਸਾਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ ਜੀਵਤ ਸਰੀਰ ਵਿਚ ਨਿਰੰਤਰ ਹਲ ਚਲ ਹੋ ਰਹੀ ਹੁੰਦੀ ਹੈ। ਦਿੱਲ ਧਕ ਧਕ ਕਰ ਰਿਹਾ ਹੈ। ਏਸੇ ਤਰਾਂ ਸਾਡਾ ਮਿਹਦਾ (Stomach) ਨਿਰੰਤਰ ਫੁੱਲਦਾ ਅਤੇ ਸੁਕੜਦਾ ਰਹਿੰਦਾ ਹੈ। ਅੱਖਾਂ ਬੰਦ ਕਰਕੇ ਦਬਾਅ ਪਾ ਕੇ ਵੇਖੋ ਸਾਡੇ ਆਪਟਿਕ ਨਰਵ ਨੂੰ ਬਿਨਾਂ ਰੋਸ਼ਨੀ ਦੇ ਹੀ ਜੋਤ (ਲਾਈਟ) ਦਾ ਅਨੁੱਭਵ ਹੋ ਜਾਂਦਾ ਹੈ। ਇਹ ਲਿਖਾਰੀ ਬਿਨਾਂ ਕਿਸੇ ਯੰਤਰ ਦੇ ਆਪਣੇ ਦਿੱਲ ਦੀ ਧੜਕਣ (ਨਬਜ਼) ਗਿਣ ਸਕਦਾ ਹੈ।

**ਸੁਣਿਐ ਜੋਗ ਜੁਗਤ ਤਨ ਭੇਦੁ॥** (ਨਾਮ ਸੁਣਨ ਕਰਕੇ ਉਹ ਜੁਗਤਾਂ ਆਪਣੇ ਆਪ ਆ ਜਾਂਦੀਆਂ ਹਨ ਜਿਨਾਂ ਨਾਲ ਸਰੀਰਕ ਭੇਦ ਖੁਲਦੇ ਹਨ)

❁ ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ ॥

❁ ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ ॥

❁ ਗੁਰਮਤਿ ਬਾਜੈ ਸਬਦੁ ਅਨਾਹਦੁ ਗੁਰਮਤਿ ਮਨੂਆ ਗਾਵੈ ॥

❁ ਗੁਰਮਤੀ ਪਰਗਾਸੁ ਹੋਆ ਜੀ ਅਨਦਿਨੁ ਹਰਿ ਗੁਣ ਗਾਵਣਿਆ ॥

❁ ਸਤਸੰਗਤਿ ਬਹਿ ਹਰਿ ਗੁਣ ਗਾਇਆ ॥ ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ ਨਾਦੁ ਵਜਾਵਣਿਆ ॥

❁ ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ ॥

❁ ਸਚੀ ਬਾਣੀ ਸਚੁ ਧੁਨਿ ਸਚੁ ਸਬਦੁ ਵੀਚਾਰਾ ॥ ਅਨਦਿਨੁ ਸਚੁ ਸਲਾਹਣਾ ਧਨੁ ਧਨੁ ਵਡਭਾਗ ਹਮਾਰਾ ॥ -564 ❁ ਨਾਮੁ ਵਸੈ ਤਿਸੁ ਅਨਹਦ ਵਾਜੇ॥

❁ ਗੁਰਮਤਿ ਬਾਜੈ ਸਬਦੁ ਅਨਾਹਦੁ ਗੁਰਮਤਿ ਮਨੂਆ ਗਾਵੈ ॥

ਅਜਿਹੀਆਂ ਤੁਕਾਂ ਗੁਰਬਾਣੀ ਵਿੱਚ ਇੱਕ ਵਾਰ ਨਹੀ ਬਾਰ ਬਾਰ ਹਜਾਰਾਂ ਵਾਰ ਆਈਆਂ ਹਨ। ਦਰ ਅਸਲ ਸਿਫਤ ਸਲਾਹ ਵਾਲੀ ਗੱਲ ਤਾਂ ਗੁਰੂ ਗ੍ਰੰਥ ਸਾਹਿਬ ਦੇ ਹਰ ਥਾਂ ਹਰ ਪੰਨੇ ਤੇ ਆਈ ਹੈ।

ਅੰਤ ਵਿਚ ਗੁਰਸਿੱਖਾਂ ਨੂੰ ਸਲਾਹ ਹੈ ਕਿ ਇਨਾਂ ਪਾਖੰਡੀਆਂ ਦਾ ਆਸਰਾ ਛੱਡ ਕੇ ਗੁਰੂ ਨਾਨਕ ਦੀ ਸ਼ਰਨ ਵਿਚ ਆਓ। ਜਪੁਜੀ ਦੇ ਲੜ੍ਹ ਲੱਗੋ। ਚੜ੍ਹਦੀ ਕਲ੍ਹਾਂ ਹਾਸਲ ਕਰੋ। ਜਿਥੇ ਫਿਰ ਫਿਕਰ ਚਿੰਤਾਵਾਂ ਤੋਂ ਮੁਕਤ ਹੋ ਕੇ ਅਨੰਦ ਦੀ ਅਵਸਥਾ ਮਿਲਦੀ ਹੈ। ਫਿਰ ਜੇ ਉਹਦੀ ਬਖਸ਼ਸ਼ ਹੋ ਗਈ ਤਾਂ ਬੰਦਾ ਰਜਾ ਵਿਚ ਚਲਣਾ ਸ਼ੁਰੂ ਕਰਦਾ ਹੈ।

ਸਵੇਰੇ ਉਠੋ। ਇਸ਼ਨਾਨ ਕਰੋ। ਦਿਨ ਦੀ ਸ਼ੁਰੂਆਤ ਜਪੁਜੀ ਸਾਹਿਬ ਤੋਂ ਕਰੋ। ਕੋਸ਼ਿਸ਼ ਕਰੋ ਹੌਲੀ ਹੌਲੀ ਸੰਪੂਰਨ ਗੁਰਬਾਣੀ ਨਿਤਨੇਮ ਦੇ ਲੜ ਲਗ ਜਾਓ।

ਜੇ ਅਜੇ ਮੰਨ ਤਿਆਰ ਨਹੀ ਤਾਂ ਘੱਟੋ ਘੱਟ ਸਵੇਰੇ ਜਪੁਜੀ, ਸ਼ਾਮੀ ਰਹਿਰਾਸ ਅਤੇ ਕੀਰਤਨ ਸੋਹਿਲਾ ਤਾਂ ਕਰੋ।

ਜੇ ਇਨਾਂ ਨਹੀ ਕਰ ਸਕਦੇ ਜਪੁਜੀ ਦਾ ਹੀ ਪਾਠ ਕਰ ਲਿਆ ਕਰੋ।


ਜੇ ਇਹਦੇ ਵਾਸਤੇ ਵੀ ਅਜੇ ਟਾਈਮ ਕੱਢਣਾ ਮੁਸ਼ਕਲ ਆ ਰਿਹਾ ਹੈ ਤਾਂ ਘੱਟੋ ਘੱਟ ਇਕ ਕੰਮ ਤਾਂ ਕਰ ਹੀ ਸਕਦੇ ਹੋ:-

ਸਵੇਰੇ ਜਦੋਂ ਨੀਦ ਖੁੱਲਦੀ ਹੈ। ਉਠ ਕੇ ਬਿਸਤਰੇ ਤੇ ਹੀ ਬਹਿ ਜਾਓ ਤੇ ਪੰਜ ਵਾਰੀ ਮੂਲ ਮੰਤਰ ਦਾ ਪਾਠ ਕਰੋ। ਵਾਹਿਗੁਰੂ ਅੱਗੇ ਅਰਦਾਸ ਕਰੋ ਕਿ ਐ ਅਕਾਲ ਪੁਰਖ ਮੇਰਾ ਦਿਨ ਅੱਜ ਚੜ੍ਹਦੀ ਕਲਾ ਵਿਚ ਨਿਕਲੇ। ਫਿਕਰ ਚਿੰਤਾ ਤੋਂ ਦੂਰ ਰੱਖੀ। ਵੇਖੀ ਕਿਸੇ ਦਾ ਬੁਰਾ ਨਾਂ ਕਰਾਂ। ਤੇ ਬਸ ਫਤਹਿ ਬੁਲਾ ਕੇ ਆਪਣੇ ਰੋਜਾਨਾ ਦੇ ਕਾਰ ਵਿਹਾਰ ਤੇ ਚੜ੍ਹਾਈ ਕਰ ਦਿਓ।

----◈-----

ਬਾਬ-51

# ਸੁਮੇਰ ਪਰਬਤ ਤੋਂ ਕਸ਼ਮੀਰ




## ਤਿੱਬਤ ਵਿਚ ਬਾਬਾ

ਜਿਵੇਂ ਪਿੱਛੇ ਆ ਚੁੱਕਾ ਹੈ ਕਿ ਤਿੱਬਤ ( ਅੱਜ ਚੀਨ ਦਾ ਹਿੱਸਾ) ਕੋਈ ਛੋਟਾ ਮੁਲਕ ਨਹੀ ਹੈ। ਗੁਰੂ ਸਾਹਿਬ ਨੇ ਇਸ ਮੁਲਕ ਨੂੰ ਨਹੀ ਗਾਹਿਆ ਸਿਵਾਏ ਸਿੱਕਮ ਭੂਟਾਨ ਦੇ ਉੱਤਲੇ ਸਿਰੇ ਅਤੇ ਕੁੱਲੂ ਕਿੰਨੌਰ ਤੋਂ ਕੈਲਾਸ਼ ਪਰਬਤ ਤਕ ਜਾਣਾ ਅਤੇ ਓਥੋਂ ਲੇਹ ਲਦਾਖ ਵਾਲੇ ਪਾਸੇ ਨੂੰ ਪਰਤਣ। ਯਾਦ ਰਹੇ ਤਿੱਬਤ ਦੇ ਦੱਖਣੀ ਹਿੱਸੇ ਭਾਵ ਭਾਰਤ ਨਾਲ ਲਗਦੇ ਅੰਤ ਦੇ ਠੰਡੇ ਇਲਾਕਿਆਂ ਵਿਚ ਮਸ਼ਹੂਰ ਇਤਹਾਸਿਕ ਬੋਧੀ ਮੱਠ ਹੋਏ ਹਨ ਜੋ ਤਿੱਬਤ ਦੀ ਰੂਹਾਨੀਅਤ ਪੱਖੋ ਅਗਵਾਈ ਕਰਦੇ ਆਏ ਹਨ। ਸਾਨੂੰ ਕੋਈ ਸਬੂਤ ਨਹੀ ਮਿਲਿਆ ਕਿ ਗੁਰੂ ਸਾਹਿਬ ਇਸ ਤੋਂ ਵੱਧ ਤਿੱਬਤ ਵਿਚ ਫਿਰੇ।⊙

----◆-----

## ਸੁਮੇਰ ਪਰਬਤ ਤੋਂ ਵਾਪਸੀ

ਇਤਹਾਸ ਵਿੱਚ ਲੇਹ (ਲਦਾਖ) ਮਸ਼ਹੂਰ ਵਪਾਰਕ ਲਾਂਘਾ ਰਿਹਾ ਹੈ ਜਿਥੋਂ ਉੱਤਰ (ਕਾਸ਼ਗਰ ਆਦਿ) ਤੇ ਪੂਰਬ (ਚੀਨ) ਵਾਲੇ ਪਾਸਿਓ ਮਾਲ ਆਉਦਾ ਜਾਂਦਾ ਰਿਹਾ ਹੈ। ਪੂਰਬ -ਦੱਖਣ ਲਹਾਸਾ (ਤਿੱਬਤ) ਵਲੋ ਵੀ ਮਾਲ ਇਥੇ ਆਉਦਾ ਜਾਂਦਾ ਰਿਹਾ ਹੈ। ਇਹ ਰਸਤੇ ਮਹਾਰਾਜਾ ਕਨਿਸ਼ਕ ਦੇ ਸਮੇਂ ਭਾਵ 2000 ਸਾਲ ਤੋਂ ਪ੍ਰਚਲਤ ਹਨ। ਲ੍ਹਾਸਾ ਵਲ ਜਾਂਦੇ ਇਸ ਪ੍ਰੰਪਰਾਗਤ ਪਹਾੜੀ ਰਾਹ ਦੇ ਨੇੜੇ ਤੇੜੇ ਹੀ ਅੱਜ ਚੀਨ ਦੀ ਜੀ-219 ਜੀ ਟੀ ਰੋਡ (ਮੁੱਖ ਸੜਕ) ਬਣੀ ਹੈ। ਇਹ ਸਿੰਧ ਦਰਿਆ ਦੇ ਸਮਾਨਅੰਤਰ ਚਲਦੀ ਹੈ। ਫਿਰ ਕੈਲਾਸ਼ ਜਾਂ ਸੁਮੇਰ ਪਰਬਤ ਵੀ ਮੁੱਖ ਸੜਕ ਦੇ ਨੇੜੇ ਹੀ ਪੈਦਾ ਹੈ। ਕਿਉਕਿ ਸਕੱਰਦੂ ਵਿਖੇ ਇਤਹਾਸਿਕ ਗੁਰਦੁਆਰਾ ਹੈ

ਇਸ ਤੋਂ ਇਹੋ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬ ਕੈਲਾਸ਼ ਪਰਬਤ ਤੋਂ ਸਿੰਧ ਦਰਿਆ ਦੇ ਕੰਢੇ ਕੰਢੇ ਚਲਦੇ ਹੋਏ ਲੇਹ ਲੱਦਾਖ ਨੂੰ ਆਏ। ਕੈਲਾਸ਼ ਤੋਂ ਰੇਸ਼ਮ ਮਾਰਗ ਤੇ ਚੁਸ਼ੁਲ ਦਰ੍ਰੇ ਤੱਕ ਕੋਈ 5-6 ਸੌ ਕਿ.ਮੀ. ਦਾ ਸਫਰ।

ਇਸ ਮੁੱਖ ਮਾਰਗ ਤੇ ਜਿੱਥੇ ਕਿਤੇ ਵੀ ਬੋਧੀ ਮੱਠ ਆਏ ਗੁਰੂ ਸਾਹਿਬ ਓਥੇ ਰੁਕੇ ਤੇ ਤਿੱਬਤੀ ਲਾਮਿਆਂ ਨੂੰ ਨਾਮ ਦੇ ਸਿਧਾਂਤ ਤੋਂ ਜਾਣੂ ਕਰਵਾਇਆ। ਤਿੱਬਤੀ ਲੋਕ ਭਾਰਤ ਤੋਂ ਆਏ ਜੋਗੀਆਂ ਦਾ ਬਹੁਤ ਆਦਰ ਸਤਿਕਾਰ ਕਰਦੇ ਆਏ ਹਨ। ਓਹ ਸਮਝਦੇ ਸਨ ਕਿ ਭਾਰਤੀ ਲੋਕਾਂ ਨੂੰ ਹੀ ਅਸਲ ਬੁੱਧਮੱਤ ਦਾ ਗਿਆਨ ਹੈ। ਫਿਰ ਜਿਵੇ ਦੱਸਿਆ ਜਾ ਚੁੱਕਾ ਹੈ ਕਿ ਤਿੱਬਤ ਵਿੱਚ ਬੁੱਧਮਤ ਫੈਲਾਉਣ ਵਾਲਾ ਭਿਕਸ਼ੂ ਪਦਮਸੰਭਵ ਵੱਡੇ ਪੰਜਾਬ ਤੋਂ ਹੀ ਸੀ।

ਸਾਰਾ ਦਾ ਸਾਰਾ ਲੱਦਾਖ ਉੱਚਾ ਪਹਾੜੀ ਇਲਾਕਾ ਹੈ। ਇਲਾਕੇ ਦੀ ਬਦਕਿਸਮਤੀ ਕਿ ਹਿਮਾਲਾ ਪਹਾੜ ਮੌਨਸੂਨ ਹਵਾਵਾਂ ਅੱਗੇ ਪੜਦੇ ਦਾ ਕੰਮ ਕਰਦਾ ਹੈ ਤੇ ਲੱਦਾਖ ਮੀਂਹ ਤੋਂ ਵਾਝਾਂ ਰਹਿ ਜਾਂਦਾ ਹੈ। ਲੱਦਾਖ ਦੀ ਰਾਜਧਾਨੀ ਲੇਹ ਦੁਨੀਆ ਦੇ ਉੱਚੇ ਸ਼ਹਿਰਾਂ ਵਿੱਚੋਂ ਹੈ।

ਇਹੋ ਅੰਦਾਜ਼ੇ ਹਨ ਕਿ ਗੁਰੂ ਸਾਹਿਬ ਸੁਮੇਰ ਤੋਂ ਲੇਹ- ਲਦਾਖ ਨੂੰ ਹੁੰਦੇ ਹੋਏ ਕਸ਼ਮੀਰ ਵਿਚ ਵੜੇ।◘ ਕਸ਼ਮੀਰ ਵਿਚ ਕਿਹੜੇ ਪਾਸਿਓ ਕਿਧਰ ਨੂੰ ਗਏ ਕੁਝ ਨਿਸਚੇ ਨਾਲ ਨਹੀ ਕਿਹਾ ਜਾ ਸਕਦਾ। ਹਾਂ ਇਹ ਗਲ ਤਸਦੀਕ ਹੁੰਦੀ ਹੈ ਕਿ ਕਸ਼ਮੀਰ ਵਾਲੇ ਪਾਸਿਓ ਹੀ ਸਾਹਿਬ ਹਸਨ ਅਬਦਾਲ (ਪੰਜਾ ਸਾਹਿਬ) ਨੂੰ ਗਏ। ਇਸ ਗਲ ਦੇ ਵੀ ਸਬੂਤ ਮਿਲਦੇ ਹਨ ਕਿ ਗੁਰੂ ਸਾਹਿਬ ਕਸ਼ਮੀਰ

ਪੈੜ ਸੂਤ੍ਰ

**ਨਕਸ਼ਾ–** ਅਸਾਂ ਗੁਰੂ ਸਾਹਿਬ ਦੇ ਮੰਨੇ ਹੋਏ ਸਥਾਨਾਂ ਨੂੰ ਨਕਸ਼ੇ ਤੇ ਦਰਸਾਇਆ ਤਾਂ ਕੀ ਵੇਖਦੇ ਹਾਂ ਸਾਫ ਸਾਫ ਇਕ ਟਰੈਕ (ਪੱਟੀ) ਉਭਰਦੀ ਨਜਰ ਆਉਦੀ ਹੈ। ਹਾਲਾਂ ਬਾਲਾਕੋਟ ਇਕ ਪਾਸੇ ਜਿਹੇ ਰਹਿ ਜਾਂਦਾ ਹੈ। ਹੋ ਸਕਦੇ ਸਾਹਿਬ ਬਾਲਾਕੋਟ ਕਿਸੇ ਖਾਸ ਕਾਰਨ ਗਏ ਹੋਣ। ਬਾਕੀ ਸ਼ਾਰਦਾ ਪੀਠ ਵੀ ਇਕ ਪਾਸੇ ਹੈ। ਉਂਜ ਇਸ ਮਹੱਤਵਪੂਰਨ ਸਥਾਨ ਤੇ ਗੁਰੂ ਸਾਹਿਬ ਦੇ ਜਾਣ ਬਾਰੇ ਕਿਸੇ ਵੀ ਲਿਖਾਰੀ ਨੇ ਨਹੀ ਮੰਨਿਆ।

ਸੋ ਇਹ ਟਰੈਕ ਸਾਬਤ ਕਰਦਾ ਹੈ ਕਿ ਕਿਸ਼ਤਵਾੜ, ਭਦਰਵਾਹ ਅਤੇ ਵੈਸ਼ਨੋਦੇਵੀ ਜੰਮੂ ਆਦਿ ਗੁਰੂ ਸਾਹਿਬ ਨੇ ਕਿਸੇ ਦੂਸਰੀ ਫੇਰੀ ਵੇਲੇ ਆਏ।

ਸਾਈਕਲ ਯਾਤਰੀ- 527 ਨੇ ਇਕ ਹੋਰ ਬੜੀ ਪਾਏਦਾਰ ਗਲ ਕਹੀ ਕਿ ਗੁਰੂ ਸਾਹਿਬ ਸਕਰਦੂ ਤੋਂ ਬਾਲਾਕੋਟ ਨੂੰ ਗਏ। ਪਰ ਪੁਰਾਤਨ ਜਨਮ ਸਾਖੀ ਇਸ ਦਲੀਲ ਨੂੰ ਰੱਦ ਕਰਦੀ ਨਜਰ ਆਉਦੀ ਹੈ ਕਿਉਕਿ ਉਸ ਮੁਤਾਬਿਕ ਕਸ਼ਮੀਰ ਤੀਸਰੀ ਉਦਾਸੀ ਦਾ ਮੁੱਖ ਹਿੱਸਾ ਸੀ।

⊙ ਕੋਹਲੀ ਜਿਹੇ ਲਿਖਾਰੀਆਂ ਨੇ ਤਿੱਬਤ ਫੇਰੀ ਬਾਰੇ ਜੋ ਲਿਖਿਆ ਹੈ ਉਸ ਤੋਂ ਲਗਦਾ ਹੈ ਕਿ ਉਹਨਾਂ ਮਸਲੇ ਤੇ ਗੰਭੀਰਤਾ ਨਹੀ ਦਿਖਾਈ।

ਹੇਮੀਸ਼ ਵਿਹਾਰ ਜਾਂ ਮੱਠ 1630 ਵਿਚ ਬੰਨਿਆ ਗਿਆ ਸੀ। ਸੋ ਇਹ ਕਹਿਣਾ ਗਲਤ ਹੋਵੇਗਾ ਕਿ ਗੁਰੂ ਸਾਹਿਬ ਹੇਮੀਸ ਵਿਹਾਰ ਠਹਿਰੇ ਸਨ।

◘ ਕਿਰਪਾਲ - 107, ● ਐਟਲਸ ਫੌਜਾ/ਕਿਰਪਾਲ-16

(ਕਿਰਪਾਲ ਸਿੰਘ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਚੁਸ਼ੁਲ ਤੋ ਅੱਗੇ ਉਪਸ਼ੀ ਆਏ। ਉਪਸ਼ੀ ਦੇ 20 ਕਿ. ਮੀ ਦੂਰ ਕਾਰੂਨਗਰ ਦਾ ਇਲਾਕਾ ਹੈ ਅਤੇ ਇਥੋਂ ਦੇ ਪਿੰਡ ਸਿਰਫ ਗੁਰੂ ਨਾਨਕ ਨੂੰ ਹੀ ਆਪਣਾ ਇਸ਼ਟ ਮੰਨਦੇ ਹਨ। )

ਦੇ ਇਲਾਕੇ ਵਿਚ ਦੁਬਾਰਾ ਵੀ ਆਏ ਸਨ। ਸੋ ਇਹ ਸਾਫ ਨਹੀ ਹੋ ਪਾਉਂਦਾ ਕਿ ਦੂਸਰੀ ਫੇਰੀ ਵੇਲੇ ਉਨਾਂ ਜੰਮੂ ਭਦਰਵਾਹ ਦੇ ਇਲਾਕੇ ਤੋਂ ਇਲਾਵਾ ਹੋਰ ਕਿਹੜੇ ਕਿਹੜੇ ਇਲਾਕੇ ਦਾ ਉਦਾਰ ਕੀਤਾ ਸੀ।

ਸੋ ਨਕਸ਼ੇ ਤੋਂ ਸਾਫ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਾਹਿਬ ਲੇਹ ਤੋਂ ਕਾਰਗਿਲ, ਸਕੱਰਦੂ, ਕਾਰਗਿਲ, ਅਮਰਨਾਥ, ਪਹਿਲਗਾਮ, ਮੱਟਣ, ਅਨੰਤਨਾਗ, ਬੀਜਬੇਹੇੜਾ, ਅਵੰਤੀਪੁਰਾ, ਸ੍ਰੀ ਨਗਰ, ਹਰਮੁਖ ਗੰਗਾ, ਸ੍ਰੀ ਨਗਰ, ਵੂੱਲਰ ਝੀਲ, ਬੀਰਵਾਹ, ਤੋਸ ਮੈਦਾਨ, ਜੱਲੀਆਂ, ਪੁਣਛ, ਕੋਟਲੀ ਸੱਤੀਆ (ਕੋਹਾਲਾ), ਬਾਲਾਕੋਟ, ਹਸਨ ਅਬਦਾਲ, ਪੇਸ਼ਾਵਰ ਤੇ ਫਿਰ ਕਾਬੁਲ ਗਏ।

----◈-----

## ਲੇਹ ਦੇ ਲਾਮਿਆਂ ਗੁਰੂ ਜੀ ਦੀ ਤਸਵੀਰ ਪੱਥਰ 'ਚ ਘੜੀ

ਤਿੱਬਤ ਤੋਂ ਅੱਗੇ ਗੁਰੂ ਸਾਹਿਬ ਚੁਸ਼ੁਲ ਦਰ੍ਰੇ ਥਾਂਣੀ ਲਦਾਖ ਵਿੱਚ ਦਾਖਲ ਹੁੰਦੇ ਹਨ। ਹਾਲਾਂ ਭਾਰਤ ਵਿੱਚ, ਲਦਾਖ ਵੀ ਬੋਧੀ ਇਲਾਕਾ ਹੀ ਹੈ। ਕਿਸੇ ਵੇਲੇ ਸਿੱਖ ਰਾਜ ਦਾ ਹਿੱਸਾ ਰਹਿਣ ਕਰਕੇ, ਲੱਦਾਖ ਅੱਜ ਜੰਮੂ ਕਸ਼ਮੀਰ ਸੂਬੇ ਦਾ ਪੂਰਬੀ ਭਾਗ ਹੈ।

ਲੇਹ ਦੇ ਲੋਕਾਂ ਦਾ ਮੰਨਣਾ ਹੈ ਕਿ ਸ਼ਹਿਰ ਦੇ ਆਲੇ ਦੁਆਲੇ ਇਸ ਬੰਜਰ ਰੇਗਿਸਤਾਨ ਵਿੱਚ ਜੋ ਹਰਿਆਵਲ ਹੈ ਉਹ ਗੁਰੂ ਸਾਹਿਬ ਦਾ ਹੀ ਕ੍ਰਿਸ਼ਮਾ ਹੈ। ਇਥੇ ਦੇ ਰਾਜੇ ਨਾਲ ਕੀ ਗੱਲ ਬਾਤ ਹੋਈ, ਇਸ ਬਾਬਤ ਇਤਹਾਸ ਚੁੱਪ ਹੈ। ਸ਼ਾਹੀ ਮਹੱਲ ਲਾਗੇ ਜਿੱਥੇ ਗੁਰੂ ਸਾਹਿਬ ਨੇ ਆਪਣਾ ਡੇਰਾ ਲਾਇਆ ਸੀ ਓਥੇ ਇੱਕ ਪੁਰਾਣਾ ਦਰੱਖਤ ਅੱਜ ਵੀ ਮੌਜੂਦ ਹੈ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਦਾਤਣ ਕਰਕੇ ਇਥੇ ਗੱਡ ਦਿੱਤੀ ਜੋ ਵਿਸ਼ਾਲ ਮਿਸਵਾਕ ਰੁੱਖ ਦੇ ਰੂਪ ਵਿੱਚ ਅੱਜ ਵੀ ਮੌਜੂਦ ਹੈ।

ਮਿਸਵਾਕ ਦੀ ਦਾਤਣ ਪੂਰੇ ਜਗਤ ਵਿੱਚ ਪ੍ਰਸਿੱਧ ਹੈ। ਡਾਕਟਰੀ ਸਾਇੰਸ ਅਨੁਸਾਰ ਵੀ ਮੇਸਵਾਕ ਦੀ ਦਾਤਣ ਦੰਦਾਂ ਵਾਸਤੇ ਬਹੁਤ ਮੁਫੀਦ ਗਿਣੀ ਗਈ ਹੈ। ਇਹ ਰੁੱਖ ਪੰਜਾਬ ਵਿੱਚ ਨਹੀ ਹੁੰਦਾ।


ਕੁਝ ਦਿਨ ਇਥੇ ਰਹਿ ਕੇ ਗੁਰੂ ਸਾਹਿਬ ਫਿਰ ਸਿੰਧ ਦੇ ਨਾਲ ਨਾਲ ਅੱਗੇ ਵਧੇ। ਲੇਹ ਤੋਂ 25 ਕਿ.ਮੀ. ਦੂਰ ਭਾਵ ਨਿਮੂ ਕਸਬੇ ਤੋਂ 10 ਕਿ. ਮੀ. ਪਹਿਲਾ ਗੁਰੂ ਸਾਹਿਬ ਦੀ ਯਾਦਗਾਰ ਪੱਥਰ ਤੇ

ਦਾਤਣ ਸਾਹਿਬ, ਲੇਹ। ਗੁਰੂ ਸਾਹਿਬ ਦੀ ਕੀਤੀ ਦਾਤਣ ਅੱਜ ਮੇਸਵਾਕ ਦੇ ਰੂਪ ਵਿਚ ਵੱਡੇ ਰੁੱਖ ਦੇ ਰੂਪ ਵਿਚ।






ਪੱਥਰ ਵਿਚ ਗੁਰੂ ਸਾਹਿਬ ਦੀ ਤਰਾਸ਼ੀ ਹੋਈ ਮੂਰਤ ਅਤੇ ਚਰਨ।



ਉਕਰੀ ਹੋਈ ਹੈ।

ਜਿਥੇ ਵੀ ਸੰਗਤਾਂ ਗੁਰੂ ਸਾਹਿਬ ਦੀ ਕੋਈ ਨਿਸ਼ਾਨੀ ਰੱਖਣਾਂ ਮੰਗਦੀਆਂ ਸਨ ਤਾਂ ਅਮੂਮਨ ਸਾਹਿਬ ਦੀ ਜੁੱਤੀ ਜਾਂ ਖੜਾਵਾਂ ਰੱਖ ਲੈਂਦੇ ਸਨ। ਇਥੇ ਕਿਉਕਿ ਪੱਥਰ ਆਮ ਹਨ ਇਸ ਇਲਾਕੇ ਵਿੱਚ ਫਿਰ ਗੁਰੂ ਸਾਹਿਬ ਦੇ ਪੱਦ-ਚਿੰਨ ਪੱਥਰ ਤੇ ਉਕਰੇ ਹੋਏ ਹਨ। ਕਿਉਕਿ ਇਥੇ ਸੰਗ-ਤਰਾਸ਼ ਵੀ ਆਮ ਹੀ ਸਨ, ਬੁੱਤ-ਤਰਾਸ਼ ਨੇ ਇਥੇ ਫਿਰ ਨਿਰੇ ਪਦਚਿੰਨ ਹੀ ਨਹੀ ਤਰਾਸ਼ੇ ਉਸ ਨੇ ਗੁਰੂ ਸਾਹਿਬ ਦੀ ਮੂਰਤੀ ਵੀ ਪੱਥਰ ਵਿੱਚ ਘੜੀ ਹੋਈ ਹੈ। ਇਸ ਮੂਰਤੀ ਤੇ ਪੱਦ-ਚਿੰਨ ਬਾਰੇ ਸਥਾਨਕ ਲੋਕਾਂ ਵਿੱਚ ਤਰਾਂ ਤਰਾਂ ਦੀਆਂ ਦੰਦ-ਕਥਾਵਾਂ ਮੌਜੂਦ ਹਨ।

ਜਿਆਦਾ ਜਿਹੜੀ ਕਥਾ ਚਲਦੀ ਹੈ ਉਹ ਇਹ ਹੈ ਕਿ ਇਲਾਕੇ ਵਿੱਚ ਇੱਕ ਰਾਖਸ਼ ਨੇ ਬੜੀ ਹਾਹਾਕਾਰ ਮਚਾਈ ਹੋਈ ਸੀ। ਗੁਰੂ ਸਾਹਿਬ ਨੇ ਜਦੋਂ ਉਸ ਨੂੰ ਸੋਧਣਾ ਚਾਹਿਆ ਤਾਂ ਉਸ ਨੇ ਗੁਰੂ ਸਾਹਿਬ ਵਲ ਇੱਕ ਪੱਥਰ ਰੇੜ ਦਿੱਤਾ। ਜਿਵੇ ਉਹ ਪੱਥਰ ਗੁਰੂ ਸਾਹਿਬ ਨੂੰ ਛੂਹਦਾ ਹੈ ਤਾਂ ਉਹ ਮੋਮ ਦੀ ਨਿਆਈ ਨਰਮ ਪੈ ਜਾਂਦਾ ਹੈ ਜਿਸ ਕਰਕੇ ਗੁਰੂ ਸਾਹਿਬ ਦੇ ਸਰੀਰ ਦੀ ਛਾਪ ਫਿਰ ਉਸ ਚੱਟਾਨ ਤੇ ਆ ਜਾਂਦੀ ਹੈ।

ਜਿੱਥੋਂ ਤੱਕ ਪੱਦ-ਚਿੰਨਾਂ ਦਾ ਸਵਾਲ ਉਸ ਬਾਬਤ ਦੰਦ ਕਥਾ ਕਹਿੰਦੀ ਹੈ ਕਿ ਰਾਖਸ਼ ਨੇ ਫਿਰ ਪੱਥਰ ਤੇ ਪੈਰ ਮਾਰਿਆ ਇਸ ਕਰਕੇ ਪੈਰ ਦਾ ਨਿਸ਼ਾਨ ਪੱਥਰ ਤੇ ਰਹਿ ਗਿਆ। (ਹਾਲਾਂ ਕਿ ਪੈਰ ਦਾ ਨਿਸ਼ਾਨ ਗੁਰੂ ਸਾਹਿਬ ਦਾ ਹੈ।)

ਵੇਖਣ ਵਾਲੇ ਦੱਸਦੇ ਹਨ ਕਿ ਗਹੁ ਨਾਲ ਤੱਕਿਆ ਪਤਾ ਲਗਦਾ ਹੈ ਕਿ ਪੱਥਰ ਤਰਾਸ਼ਿਆ ਹੋਇਆ ਹੈ। ਵਕਤ ਨਾਲ ਦੰਦ ਕਥਾ ਜੋ ਪ੍ਰਚਲਤ ਹੋ ਗਈ ਉਸ ਵਿੱਚ ਸੱਚਾਈ ਨਹੀ ਲਗਦੀ। ਅੰਦਾਜ਼ਾ ਇਹੋ ਲਾਇਆ ਜਾ ਸਕਦਾ ਹੈ ਕਿ ਚੱਟਾਨ ਤੇ ਗੁਰੂ ਸਾਹਿਬ ਦੀ ਮੂਰਤ ਹੀ ਬਣੀ ਹੈ ਤੇ ਨਿਸ਼ਾਨ ਵੀ ਓਨਾਂ ਦੇ ਪੈਰ ਦਾ ਹੀ ਹੈ।

ਸੋ ਸ੍ਰੀ-ਨਗਰ ਲੇਹ ਸੜਕ ਤੇ ਅੱਜ ਪੱਥਰ ਸਾਹਿਬ ਗੁਰਦੁਆਰਾ ਗੁਰੂ ਸਾਹਿਬ ਦੀ ਆਮਦ ਦੀ ਯਾਦ ਤਾਜਾ ਕਰਦਾ ਹੈ।

----◈-----

## ਸਕੱਰਦੂ ਤੇ ਕਾਰਗਿਲ ਵਿੱਚ ਬਾਬਾ

ਕਿਉਕਿ ਰਾਜਨੀਤਕ ਪੱਖੋ ਬਾਲਟੀਸਤਾਨ ਪਹਾੜੀ ਇਲਾਕੇ ਦੇ ਸ਼ਹਿਰ ਸਕੱਰਦੂ ਤੇ ਕਾਰਗਿਲ ਓਨੀ ਦਿਨੀ ਮਸ਼ਹੂਰੀ ਤੇ ਸਨ। ਕਾਰਗਿਲ ਤਾਂ ਪੁਰਾਣਾ ਗੁਰਦੁਆਰਾ ਅੱਜ ਵੀ ਮੌਜੂਦ ਹੈ। ਗੁਰੂ ਸਾਹਿਬ ਲੇਹ ਤੋਂ

ਗੁਰਦੁਆਰਾ ਸਕਰਦੂ, ਪਾਕਿਸਤਾਨ (ਧੰਨਵਾਦ ਇਕਬਾਲ ਕੈਸਰ) (ਹੇਠਾਂ) ਗੁਰਦੁਆਰਾ ਪਹਿਲੀ ਪਾਤਸ਼ਾਹੀ, ਕਾਰਗਿਲ, ਕਸ਼ਮੀਰ






ਸਿੰਧ ਦਰਿਆ ਦੇ ਨਾਲ ਨਾਲ ਚਲਦੇ ਹੋਏ ਬਟਾਲਿਕ ਤੋਂ 250 ਕਿ. ਮੀ. ਦਾ ਸਫਰ ਕਰਕੇ ਸਕਰਦੂ (ਅੱਜ ਕਲ੍ਹ ਪਾਕਿਸਤਾਨ) ਆਏ ਤੇ ਸਤਿਨਾਮ ਦਾ ਸਿਧਾਂਤ ਸਮਝਾ ਕੇ ਇਥੋ ਦੇ ਮੁਸਲਮਾਨ ਰਾਜੇ ਤੇ ਗੌਂਸ ਬੁਖਾਰੀ ਨਾਂ ਦੇ ਕਲੰਦਰ ਨੂੰ ਸਿੱਖੀ ਬਖਸ਼ੀ। ਇਹ ਕਲੰਦਰ ਬੜਾ ਕੱਟੜ ਸੀ ਤੇ ਰਾਜੇ ਨਾਲ ਮਿਲਕੇ ਲੋਕਾਈ ਨੂੰ ਤੰਗ ਪ੍ਰੇਸ਼ਾਨ ਕਰਕੇ ਮੁਸਲਮਾਨ ਬਣਾਉਦਾ ਸੀ। ਗੁਰੂ ਸਾਹਿਬ ਨੇ ਇਹਨਾਂ ਨੂੰ ਜੋਰਾ ਜਬਰੀ ਕਰਨ ਤੋਂ ਵਰਜਿਆ। ਇਹ ਦੋਵੇਂ ਗੁਰੂ ਸਾਹਿਬ ਦੇ ਸ਼ਰਧਾਲੂ ਬਣ ਗਏ।○ ਇਥੇ ਗੁਰੂ ਸਾਹਿਬ ਦੀ ਯਾਦ ਵਿੱਚ ਕਿਲੇ ਦੇ ਲਾਗੇ ਹੀ ਗੁਰਅਸਥਾਨ ਹੈ। ਨੇੜੇ ਮੰਦਰ ਵੀ ਹੁੰਦਾ ਸੀ। ਸਕਰਦੂ (ਪਾਕਿਸਤਾਨ) ਵਿਖੇ ਕਿਸੇ ਸਿੱਖ ਪ੍ਰਵਾਰ ਦੀ ਅਣਹੋਂਦ ਕਰਕੇ ਗੁਰਦੁਆਰਾ ਸਾਹਿਬ ਦੀ ਹਾਲਤ ਖਸਤਾ ਹੈ। ਪਿੱਛੇ 2005 ਵਿੱਚ ਆਏ ਭੁਚਾਲ ਕਾਰਨ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਵੀ ਹੋਰ ਵੀ ਨੁਕਸਾਨ ਪਹੁੰਚ ਚੁੱਕਾ ਹੈ।

----◈-----

## ਬਾਬੇ ਤਾਰਿਆ ਅਮਰਨਾਥ ਯਾਤਰੂਆਂ ਨੂੰ

ਕਾਰਗਿਲ ਤੋਂ ਗੁਰੂ ਸਾਹਿਬ ਬਾਲਟਾਲ ਥਾਂਣੀ ਹੁੰਦੇ ਹੋਏ 140 ਕਿ. ਮੀ ਦਾ ਪੈਡਾ ਕਰਕੇ ਅੱਗੇ ਚੜਾਈ ਚੜ੍ਹ ਕੇ ਅਮਰਨਾਥ ਪਹੁੰਚੇ।

ਅਮਰ ਨਾਥ ਵੀ ਸਿਰਫ ਗਰਮੀ ਦੇ ਦਿਨਾਂ ਵਿਚ ਪਹੁੰਚਿਆ ਜਾਂਦਾ ਹੈ। ਮੁੱਖ ਮੇਲਾ ਸਾਉਣ ਦੀ ਪੁੰਨਿਆ ਨੂੰ ਲਗਦਾ ਹੈ। ਅਮਰ ਨਾਥ ਵਿਖੇ ਵੀ ਓਹਨੀ ਦਿਨੀਂ ਬਾਕੀ ਪ੍ਰਸਿੱਧ ਮੰਦਰਾਂ ਦੀ ਤਰਾਂ ਕੁਝ ਲੋਕ ਖੁਦਕਸ਼ੀ ਕਰਿਆ ਕਰਦੇ ਸਨ। (ਵਿਸਥਾਰ ਪ੍ਰਯਾਗ ਸਾਖੀ ਵਿਚ। ਸਫਾ -106) ਕੁਦਰਤੀ ਹੈ ਇਥੇ ਖੁਦਕੱਸ਼ੀ ਦਾ ਵੱਖਰਾ ਤਰੀਕਾ ਸੀ। ਕਿਉਕਿ ਸਾਉਣ ਭਾਦਰੋਂ ਵਿਚ ਵੀ ਇਥੇ ਅੱਤ ਦੀ ਸਰਦੀ ਹੁੰਦੀ ਹੈ ਇਥੇ ਲੋਕ ਠੰਡ ਨਾਲ ਪਾਰ ਹੋਇਆ ਕਰਦੇ ਸਨ। ਤਰੀਕਾਕਾਰ ਇਹ ਸੀ ਕਿ ਲੋਕ ਅਮਰ ਨਾਥ ਪਹੁੰਚ ਕੇ ਆਪਣੇ ਕਪੜੇ ਲੀੜੇ ਸਭ ਬ੍ਰਾਹਮਣਾਂ ਨੂੰ ਸੌਂਪ ਕੇ, ਬਰਫ ਦੇ ਧੜਿਆਂ ਤੇ ਲੇਟਦੇ ਅਤੇ ਇਸ ਤਰਾਂ ਠੰਡ ਨਾਲ ਜਾਨ ਦੇ ਦਿੰਦੇ ਸਨ। ਬ੍ਰਾਹਮਣਾਂ ਨੇ ਇਹ ਪ੍ਰਚਾਰ ਕੀਤਾ ਹੋਇਆ ਸੀ ਕਿ ਜਿਹੜਾ ਇਥੇ ਜਾਨ ਦੇਵੇਗਾ ਉਹ ਅਮਰ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਇਸ ਗਲਤ ਰੀਤ ਦਾ ਖੰਡਣ ਕੀਤਾ ਤੇ ਉਪਦੇਸ਼ ਦਿਤਾ ਕਿ ਇਸ ਤਰਾਂ ਹੱਠ ਕਰਕੇ ਜਾਂ ਜਿੱਦ ਕਰਕੇ ਤੁਸੀ ਨਿਰੰਕਾਰ ਨੂੰ ਨਹੀ ਮਿਲ ਸਕਦੇ। ਬ੍ਰਾਹਮਣਾਂ ਨੂੰ ਸਾਰੇ ਰਾਜਨੀਤਕ ਹਾਲਾਤਾਂ ਤੋਂ ਜਾਣੂ ਕਰਵਾਇਆ ਕਿ ਜੇ ਤੁਸੀ ਅਜਿਹਾ ਜਾਰੀ ਰੱਖਿਆ ਤਾਂ ਸਰਕਾਰ ਨੇ ਤੁਹਾਡਾ ਵੀ ਘਾਣ ਬੱਚਾ ਘਾਣ ਕਰ ਦੇਣਾ ਹੈ ਤੇ ਨਾਲੇ ਉਹਨਾਂ ਨੂੰ ਸਮਝਾਇਆ ਕਿ ਜੋ ਤੁਸੀ ਕਰ ਰਹੇ ਹੋ ਇਹ ਮਨੁੱਖਤਾ ਤੇ ਜ਼ੁਲਮ ਹੈ। ਖੁਦਕਸ਼ੀ ਲਈ ਉਤਸ਼ਾਹ ਦੇਣਾ, ਜਿਸ ਕਰਕੇ ਇਸ ਪਾਪ ਲਈ ਤੁਸੀ ਖੁੱਦ ਜੁੰਮੇਵਾਰ ਹੋ। ਤੁਹਾਡੇ ਮਾਮੂਲੀ ਲਾਲਚ ਪਿਛੇ ਲੋਕ ਜਾਨਾਂ ਦੇ ਦਿੰਦੇ ਨੇ। ਭੋਲੀ ਜਨਤਾ ਨੂੰ ਸਮਝਾਓ ਕਿ ਖੁੱਦਕਸ਼ੀ ਰੱਬ ਨੂੰ ਪਾਉਣ ਦਾ ਤਰੀਕਾ ਨਹੀ ਹੈ। ਇਥੇ ਵੀ:

**ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥**

ਵਾਲਾ ਪੱਖ ਬ੍ਰਾਹਮਣਾਂ ਨੂੰ ਸਮਝਾਇਆ ਅਤੇ ਨਾਲ ਦੱਸਿਆ ਕਿ ਮੁਕਤੀ ਅਕਾਲ ਪੁਰਖ ਦੇ ਭਾਣੇ ਨਾਲ ਮਿਲਦੀ ਹੈ: "**ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥**" ਭਾਵ ਨਿਰੰਕਾਰ ਦੀ ਬਖਸ਼ਸ਼ ਹੋਵੇ ਤਾਂ ਹੀ ਬੰਦਾ ਤਰਦਾ ਹੈ।

ਇਥੇ ਫਿਰ ਸ਼ਬਦ ਰਚਿਆ:

**ਰਾਮਕਲੀ ਮਹਲਾ ੧ ॥ ਅੰਤਰਿ ਉਤਭੁਜੁ ਅਵਰੁ ਨ ਕੋਈ ॥ ਜੋ ਕਹੀਐ ਸੋ ਪ੍ਰਭ ਤੇ ਹੋਈ ॥ ਜੁਗਹ ਜੁਗੰਤਰਿ ਸਾਹਿਬੁ ਸਚੁ ਸੋਈ ॥ ਉਤਪਤਿ ਪਰਲਉ ਅਵਰੁ ਨ ਕੋਈ ॥੧॥ ਐਸਾ ਮੇਰਾ ਠਾਕੁਰੁ ਗਹਿਰ ਗੰਭੀਰੁ ॥ ਜਿਨਿ ਜਪਿਆ ਤਿਨ ਹੀ ਸੁਖੁ ਪਾਇਆ ਹਰਿ ਕੈ ਨਾਮਿ ਨ ਲਗੈ ਜਮ ਤੀਰੁ ॥੧॥ ਰਹਾਉ ॥ ਨਾਮੁ ਰਤਨੁ ਹੀਰਾ ਨਿਰਮੋਲੁ ॥ ਸਾਚਾ ਸਾਹਿਬੁ ਅਮਰੁ ਅਤੋਲੁ ॥ ਜਿਹਵਾ ਸੂਚੀ ਸਾਚਾ ਬੋਲੁ ॥ ਘਰਿ ਦਰਿ ਸਾਚਾ ਨਾਹੀ ਰੋਲੁ ॥੨॥ ਇਕਿ ਬਨ ਮਹਿ ਬੈਸਹਿ ਡੂਗਰਿ ਅਸਥਾਨੁ ॥ ਨਾਮੁ ਬਿਸਾਰਿ ਪਚਹਿ ਅਭਿਮਾਨੁ ॥ ਨਾਮ ਬਿਨਾ ਕਿਆ ਗਿਆਨ ਧਿਆਨੁ ॥ ਗੁਰਮੁਖਿ ਪਾਵਹਿ ਦਰਗਹਿ ਮਾਨੁ ॥੩॥ ਹਠੁ ਅਹੰਕਾਰੁ ਕਰੈ ਨਹੀ ਪਾਵੈ ॥ ਪਾਠ ਪੜੈ ਲੇ ਲੋਕ ਸੁਣਾਵੈ ॥ ਤੀਰਥਿ ਭਰਮਸਿ ਬਿਆਧਿ ਨ ਜਾਵੈ ॥ ਨਾਮ ਬਿਨਾ ਕੈਸੇ ਸੁਖੁ ਪਾਵੈ ॥੪॥ ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥ ਮਨੂਆ ਡੋਲੈ ਨਰਕੇ ਪਾਈ ॥ ਜਮ ਪੁਰਿ ਬਾਧੋ ਲਹੈ ਸਜਾਈ ॥ ਬਿਨੁ ਨਾਵੈ ਜੀਉ ਜਲਿ ਬਲਿ ਜਾਈ ॥੫॥ ਸਿਧ ਸਾਧਿਕ ਕੇਤੇ ਮੁਨਿ ਦੇਵਾ**



ਗਲ ਤਾਂ ਆਪਣੀ ਆਪਣੀ ਸ਼ਰਧਾ ਦੀ ਹੈ। ਅਮਰ ਨਾਥ- ਪੱਥਰ ਵਿਚੋਂ ਪਾਣੀ ਸਿੰਮਦਾ ਹੈ ਅਤੇ ਪ੍ਰਚਲਤ ਲਿੰਗ ਦੀ ਸ਼ਕਲ ਅਖਤਿਆਰ ਕਰ ਲੈਂਦਾ ਹੈ। ਜਾਂ ਫਿਰ ਕਦੀ ਪੁਜਾਰੀ ਵੀ ਬਰਫ ਨੂੰ ਉਹ ਅਕਾਰ ਦੇ ਦਿੰਦੇ ਹਨ। (ਸੱਜੇ) ਉਤਰਾਖੰਡ ਵਿਚ ਵੀ ਅਜਿਹਾ ਨਜ਼ਾਰਾ ਵੇਖਣ ਨੂੰ ਮਿਲਦਾ ਹੈ ਜਿਥੇ ਪਾਣੀ ਤਿੰਨ ਚਾਰ ਤਰੇੜਾਂ ਰਾਂਹੀ ਸਿੰਮਦਾ ਅਤੇ ਜੰਮ ਜਾਂਦਾ ਹੈ।

॥ ਹਠਿ ਨਿਗ੍ਰਹਿ ਨ ਤ੍ਰਿਪਤਾਵਹਿ ਭੇਵਾ ॥ ਸਬਦੁ ਵੀਚਾਰਿ ਗਹਹਿ ਗੁਰ ਸੇਵਾ ॥ ਮਨਿ ਤਨਿ ਨਿਰਮਲ ਅਭਿਮਾਨ ਅਭੇਵਾ ॥੬॥ ਕਰਮਿ ਮਿਲੈ ਪਾਵੈ ਸਚੁ ਨਾਉ ॥ ਤੁਮ ਸਰਣਾਗਤਿ ਰਹਉ ਸੁਭਾਉ ॥ ਤੁਮ ਤੇ ਉਪਜਿਓ ਭਗਤੀ ਭਾਉ ॥ ਜਪੁ ਜਾਪਉ ਗੁਰਮੁਖਿ ਹਰਿ ਨਾਉ ॥੭॥ ਹਉਮੈ ਗਰਬੁ ਜਾਇ ਮਨ ਭੀਨੈ ॥ ਝੂਠਿ ਨ ਪਾਵਸਿ ਪਾਖੰਡਿ ਕੀਨੈ ॥ ਬਿਨੁ ਗੁਰ ਸਬਦ ਨਹੀ ਘਰੁ ਬਾਰੁ ॥ ਨਾਨਕ ਗੁਰਮੁਖਿ ਤਤੁ ਬੀਚਾਰੁ ॥੮॥੬॥

ਅਮਰਨਾਥ ਗੁਰੂ ਸਾਹਿਬ ਨੇ ਪੰਡਿਆਂ ਨੂੰ ਸਮਝਾਇਆ ਕਿ ਕੁਦਰਤੀ ਵਰਤਾਰੇ ਨੂੰ ਤੁਸੀ ਰੱਬ ਬਣਾ ਕੇ ਲੋਕਾਈ ਨੂੰ ਗੁੰਮਰਾਹ ਕਰਕੇ ਪਾਪ ਕਰ ਰਹੇ ਹੋ। ਲੋਕਾਈ ਨੂੰ ਰੱਬ ਦੇ ਨਾਮ ਨਾਲ ਜੋੜੋ ਨਾਂ ਕਿ ਵਹਿਮੀ ਬਣਾਓ। ਕਈ ਲਿਖਾਰੀਆਂ ਇਹ ਲਿਖਿਆ ਹੈ ਕਿ ਸਾਹਿਬ ਮੇਲੇ ਤੇ ਹਾਜਰ ਸਨ ਤੇ ਜਿੰਨਾਂ ਚਿਰ ਮੇਲਾ ਰਿਹਾ ਗੁਰੂ ਸਾਹਿਬ ਇਥੇ ਹੀ ਰਹਿ ਲੋਕਾਈ ਦਾ ਉਧਾਰ ਕਰਦੇ ਰਹੇ। ਪਹੁੰਚੇ ਸਾਧੂਆਂ ਨੂੰ ਸੰਬੋਧਨ ਕਰਦੇ ਹੋਏ ਸਾਹਿਬ ਨੇ ਮਾਰਦਾਨੇ ਦੀ ਰਬਾਬ ਤੇ ਸ਼ਬਦ ਗਾਵਿਆਂ:-

ਮਲਾਰ ਮਹਲਾ ੧ ॥ ਜਾਗਤੁ ਜਾਗਿ ਰਹੈ ਗੁਰ ਸੇਵਾ ਬਿਨੁ ਹਰਿ ਮੈ ਕੋ ਨਾਹੀ ॥ ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ ਢਰਿ ਪਾਂਹੀ ॥੧॥ ਇਸੁ ਤਨ ਧਨ ਕਾ ਕਹਹੁ ਗਰਬੁ ਕੈਸਾ ॥ ਬਿਨਸਤ ਬਾਰ ਨ ਲਾਗੈ ਬਵਰੇ ਹਉਮੈ ਗਰਬਿ ਖਪੈ ਜਗੁ ਐਸਾ ॥੧॥ ਰਹਾਉ ॥ ਜੈ ਜਗਦੀਸ ਪ੍ਰਭੂ ਰਖਵਾਰੇ ਰਾਖੈ ਪਰਖੈ ਸੋਈ ॥ ਜੇਤੀ ਹੈ ਤੇਤੀ ਤੁਝ ਹੀ ਤੇ ਤੁਮ੍ ਸਰਿ ਅਵਰੁ ਨ ਕੋਈ ॥੨॥ ਜੀਅ ਉਪਾਇ ਜੁਗਤਿ ਵਸਿ ਕੀਨੀ ਆਪੇ ਗੁਰਮੁਖਿ ਅੰਜਨੁ ॥ ਅਮਰੁ ਅਨਾਥ ਸਰਬ ਸਿਰਿ ਮੋਰਾ ਕਾਲ ਬਿਕਾਲ ਭਰਮ ਭੈ ਖੰਜਨੁ ॥੩॥ ਕਾਗਦ ਕੋਟੁ ਇਹੁ ਜਗੁ ਹੈ ਬਪੁਰੋ ਰੰਗਨਿ ਚਿਹਨ ਚਤੁਰਾਈ ॥ ਨਾਨ੍ੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਈਂ ॥੪॥ ਨਦੀ ਉਪਕੰਠਿ ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ ॥ ਉਲਟੀ ਨਦੀ ਕਹਾਂ ਘਰੁ ਤਰਵਰੁ ਸਰਪਨਿ ਡਸੈ ਦੂਜਾ ਮਨ ਮਾਂਹੀ ॥੫॥ ਗਾਰੁੜ ਗੁਰ ਗਿਆਨੁ ਧਿਆਨੁ ਗੁਰ ਬਚਨੀ ਬਿਖਿਆ ਗੁਰਮਤਿ ਜਾਰੀ ॥ ਮਨ ਤਨ ਹੇਂਵ ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ ॥੬॥ ਜੇਤੀ ਹੈ ਤੇਤੀ ਤੁਧੁ ਜਾਚੈ ਤੂ ਸਰਬ ਜੀਆਂ ਦਇਆਲਾ ॥ ਤੁਮ੍ਰੀ ਸਰਣਿ ਪਰੇ ਪਤਿ ਰਾਖਹੁ ਸਾਚੁ ਮਿਲੈ ਗੋਪਾਲਾ ॥੭॥ ਬਾਧੀ ਧੰਧਿ ਅੰਧ ਨਹੀ ਸੂਝੈ ਬਧਿਕ ਕਰਮ ਕਮਾਵੈ ॥ ਸਤਿਗੁਰ ਮਿਲੈ ਤ ਸੂਝਸਿ ਬੂਝਸਿ ਸਚ ਮਨਿ ਗਿਆਨੁ ਸਮਾਵੈ ॥੮॥ ਨਿਰਗੁਣ ਦੇਹ ਸਾਚ ਬਿਨੁ ਕਾਚੀ ਮੈ ਪੂਛਉ ਗੁਰੁ ਅਪਨਾ ॥ ਨਾਨਕ ਸੋ ਪ੍ਰਭੁ ਪ੍ਰਭੂ ਦਿਖਾਵੈ ਬਿਨੁ ਸਾਚੇ ਜਗੁ ਸੁਪਨਾ ॥੯॥੨

ਯਾਦ ਰਹੇ ਕਸ਼ਮੀਰ ਦਾ ਇਲਾਕਾ ਪੰਡਤਾਂ / ਵਿਦਵਾਨਾਂ ਦਾ ਇਲਾਕਾ ਗਿਣਿਆ ਜਾਂਦਾ ਰਿਹਾ ਹੈ। ਪੁਰਾਣੇ ਸਮਿਆਂ ਵਿਚ ਇਥੋਂ ਦੀ ਵਿਦਵਤਾ ਮਸ਼ਹੂਰ ਰਹੀ ਹੈ। ਅਨੇਕਾਂ ਗ੍ਰੰਥ ਇਸ ਇਲਾਕੇ ਵਿਚ ਰਚੇ ਗਏ ਹਨ। ਵਕਤ ਪਾ ਕੇ ਬਹੁਤੇ ਪੰਡਤ ਤਾਂ ਮੁਸਲਮਾਨ ਬਣ ਗਏ। ਕੁਝ ਅਜੇ ਵੀ ਹਿੰਦੂ ਹਨ। 19 ਜਨਵਰੀ 1990 ਨੂੰ ਜਗਮੋਹਨ ਲਾਲ ਜੰਮੂ ਕਸ਼ਮੀਰ ਦਾ ਗਵਰਨਰ ਸੀ ਤਾਂ ਸਰਕਾਰੀ ਗੁਪਤ ਨੀਤੀ ਤਹਿਤ ਕਸ਼ਮੀਰੀ ਪੰਡਤਾਂ ਦੀ ਹਿਜਰਤ ਕਸ਼ਮੀਰ ਤੋਂ ਕਰਵਾ ਦਿਤੀ ਗਈ। ਅੱਜ ਪੰਡਤ ਜੰਮੂ ਜਾਂ ਭਾਰਤ ਦੇ ਹੋਰ ਹਿੱਸਿਆਂ ਵਿਚ ਜਾ ਵਸੇ ਨੇ।

ਪੰਡਤਾਂ ਦੀ ਪ੍ਰਸਿੱਧੀ ਕਾਰਨ ਗੁਰੂ ਸਾਹਿਬ ਨੇ ਕਸ਼ਮੀਰ ਦੇ ਇਲਾਕੇ ਨੂੰ ਕੁਝ ਵੱਧ ਸਮਾਂ ਦਿਤਾ। ਤੇ ਜਿਥੇ ਕਿਤੇ ਵੀ ਪੰਡਤਾਂ ਦਾ ਕੇਂਦਰ ਸੀ ਓਥੇ ਪਹੁੰਚ ਇਕ ਨਿਰੰਕਾਰ ਦੇ ਨਾਮ ਦੇ ਸਿਧਾਂਤ ਨਾਲ ਜੋੜਿਆ।

ਅਮਰਨਾਥ ਤੋਂ ਚਲਕੇ ਗੁਰੂ ਸਾਹਿਬ ਪੰਚਤਾਰਨੀ ਪਾਸਿਓ ਲੰਘ ਕੇ ਚੰਦਨਵਾੜੀ ਤੋਂ ਪਹਿਲਗਾਮ ਕੋਈ 40 ਕਿ. ਮੀ. ਦਾ ਪੈਂਡਾ ਕੀਤਾ। ਇਹ ਨਹੀ ਪਤਾ ਲਗਾ ਕਿ ਗੁਰੂ ਸਾਹਿਬ ਦੇ ਵੇਲੇ ਇਹ ਪਿੰਡ ਹੋਂਦ ਵਿਚ ਆ ਚੁੱਕਾ ਸੀ ਜਾਂ ਨਹੀ। ਕਿਉਂਕਿ ਇਸ ਰਸਤੇ ਗੁਰੂ ਸਾਹਿਬ ਆਏ ਸਨ ਗੁਰਸਿੱਖਾਂ ਨੇ ਪਹਿਲਗਾਮ ਵਿਖੇ ਜੋ ਗੁਰਦੁਆਰਾ ਬਣਾਇਆ ਹੈ ਉਸ ਨੂੰ ਗੁਰੂ ਪਾਤਸ਼ਾਹ ਦੀ ਫੇਰੀ ਨਾਲ ਜੋੜ ਦਿਤਾ ਹੈ। ਇਹ ਲਿੱਦੜ-ਘਾਟੀ ਦਾ ਇਲਾਕਾ ਆਪਣੀ ਕੁਦਰਤੀ ਖੂਬਸੂਰਤੀ ਕਰਕੇ ਪੂਰੀ ਦੁਨੀਆ ਵਿਚ ਪ੍ਰਸਿੱਧ ਹੈ।

----◆-----

## ਮੱਟਨ ਦਾ ਬ੍ਰਹਮ ਦਾਸ ਕਹਿੰਦਾ "ਤੂੰ ਕੈਸਾ ਸਾਧੂ ਹੈਂ ਸਰੀਰ ਦੁਆਲੇ ਚੰਮ ਲਵੇਟਿਆ ਹੋਇਆ ਈ?"

ਗੁਰੂ ਸਾਹਿਬ ਦੀ ਫੇਰੀ ਦੇ ਸਦੀ ਪਹਿਲਾਂ ਰਾਜਾ ਸੁਲਤਾਨ ਸਿਕੰਦਰ (ਬੁੱਤਸ਼ਿਕਨ) (1383-1413) ਨੇ ਮੱਟਨ ਜਾਂ ਮਾਰਤੰਡ ਦਾ ਪ੍ਰਸਿਧ ਸੂਰਜ ਮੰਦਰ ਢੁਹਾਇਆ ਸੀ। ਇਹ ਮੰਦਰ ਕਸ਼ਮੀਰ ਦੀ ਸ਼ਾਨ ਸੀ ਜੋ 725 ਈ. ਦੇ ਆਸ ਪਾਸ ਦਾ ਤਾਮੀਰ ਹੋਇਆ ਸੀ। ਸੋ ਅਮਰਨਾਥ ਤੋਂ ਗੁਰੂ ਸਾਹਿਬ ਦਾ ਅਗਲਾ ਨਿਸ਼ਾਨਾ ਮਾਰਤੰਡ ਜਾਂ ਮੱਟਣ ਜਾਣਾ ਸੀ।

ਸਾਹਿਬ ਉਸ ਰਸਤੇ ਆਏ ਜਿਥੇ ਅਜਕਲ ਪਹਿਲਗਾਮ, ਚੰਦਨਵਾੜੀ ਆਦਿ ਪੈਂਦੇ ਹਨ ਭਾਵ ਕੋਈ 80 ਕਿ. ਮੀ. ਪੈਂਡਾ ਕੀਤਾ ਅਮਰਨਾਥ ਤੋਂ।

ਜਦੋਂ ਗੁਰੂ ਸਾਹਿਬ ਮੱਟਣ ਆਏ ਉਦੋਂ ਤਕ ਮੰਦਰ ਦੀ ਹਾਲਤ ਖਰਾਬ ਹੋ ਚੁੱਕੀ ਸੀ। ਫਿਰ ਵੀ ਅਜਿਹੇ ਧਾਰਮਿਕ ਤੇ ਸਭਿਆਚਾਰਕ ਸਥਾਨ ਖਤਮ ਹੁੰਦੇ ਹੁੰਦੇ ਵੀ ਵਕਤ ਲੈ ਜਾਂਦੇ ਹਨ। ਮਟਨ ਨਿਰਾ ਧਾਰਮਿਕ ਕੇਂਦਰ ਹੀ ਨਹੀ ਸੀ ਇਥੇ ਵੀ ਹਰਦੁਆਰ ਦੇ ਪੰਡਿਆਂ ਦੀ ਨਿਆਈ ਇਲਾਕੇ ਦੇ ਲੋਕਾਂ ਦੇ ਕੁਰਸੇਨਾਮੇ ਵੀ ਲਿਖੇ ਜਾਂਦੇ ਸਨ। ਜਿਵੇ ਰੂਹਾਨੀਅਤ ਦਾ ਅਸੂਲ ਹੈ ਕਿ ਮਹਾਨ ਲੋਕ ਛੁਪ ਨਹੀ ਸਕਦੇ, ' ਮੰਨੈ ਪਤਿ ਸਿਉ

○ ਗਿਆਨੀ -220 (ਸਕਰਦੂ)

■ ਅਮਰਨਾਥ ਇਕ ਗੁਫਾ ਹੈ ਜਿਸ ਦੇ ਉਤੇ ਚੱਟਾਨ ਵਿਚ ਤਰੇੜ ਹੋਣ ਕਰਕੇ ਪਿਛੋ ਥੋੜਾ ਥੋੜਾ ਪਾਣੀ ਸਿੰਮਦਾ ਰਹਿੰਦਾ ਹੈ। ਜਿਆਦਾ ਠੰਡ ਹੋਣ ਕਰਕੇ ਪਾਣੀ ਨਾਲੋ ਨਾਲ ਜੰਮਦਾ ਜਾਂਦਾ ਹੈ। ਜਿਥੇ ਪਾਣੀ ਡਿਗਦਾ ਹੈ ਉਥੇ ਬਰਫ ਦੇ ਤਿੰਨ ਥੜੇ ਬਣ ਜਾਂਦੇ ਹਨ। ਪੁਜਾਰੀ ਉਹਨਾਂ ਬਰਫ ਦੇ ਢੇਰਾਂ 'ਚੋਂ ਇਕ ਨੂੰ ਤਰਾਸ਼ ਕੇ ਪਰਚਲਤ ਲਿੰਗ ਦੀ ਸੂਰਤ ਦੇ ਦਿੰਦੇ ਹਨ। ਪੁਆੜਾ ਤਾਂ ਓਦੋਂ ਪੈਂਦਾ ਹੈ ਜਦੋਂ ਠੰਡ ਘੱਟ ਹੋਵੇ। ਪਿਛੇ ਸੰਨ 2004 ਵਿਚ ਪ੍ਰਬੰਧਕਾਂ ਨੇ ਪਠਾਨਕੋਟ ਦੀ ਆਈਸ ਫੈਕਟਰੀ ਤੋਂ ਇਕ ਟਰੱਕ ਬਰਫ ਦਾ ਮੰਗਵਾ ਕੇ ਲਿੰਗ ਦਾ ਨਿਰਮਾਣ ਕੀਤਾ ਸੀ। ਸ਼ਰਧਾਲੂਆਂ ਨੂੰ ਪਤਾ ਲਗ ਗਿਆ ਜਿਸ ਕਰਕੇ ਸ਼ਰਧਾਲੂਆਂ ਨੂੰ ਬੜੀ ਨਮੋਸ਼ੀ ਹੋਈ ਸੀ।

ਬਰਫ ਦੇ ਖਿਸਕਣ (Avlanche) ਦਾ ਡਰ ਇਥੇ ਵੀ ਬਣਿਆ ਰਹਿੰਦਾ ਹੈ। ਸਰਕਾਰ ਨੂੰ ਇਸ ਗਲ ਦੀ ਚਿੰਤਾ ਰਹਿੰਦੀ ਹੈ।

ਇਥੋਂ ਦੀ ਵੀ ਓਹੋ ਕਥਾ ਹੈ ਜੋ ਕੈਲਾਸ਼ ਇਲਾਕੇ ਦੇ ਮੰਦਰਾਂ ਵਿਚ ਪ੍ਰਚਲਤ ਹੈ। ਭਾਵ ਸ਼ਿਵ ਜੀ ਨੇ ਪਾਰਬਤੀ ਨੂੰ ਇਥੇ ਹੀ ਅਮਰ ਕਥਾ ਸੁਣਾਉਣੀ ਸ਼ੁਰੂ ਕੀਤੀ ਹੀ ਸੀ ਕਿ ਪਾਰਬਤੀ ਦੀ ਅੱਖ ਲੱਗ ਗਈ। ਲਾਗੇ ਤੋਤੇ ਦਾ ਬੱਚਾ ਆਪਣੇ ਆਲਣੇ ਵਿਚ ਬੈਠਾ ਕਥਾ ਸੁਣਦਾ ਰਿਹਾ ਤੇ ਨਾਲ ਨਾਲ ਹੁੰਗਾਰਾ ਭਰੀ ਗਿਆ। ਸ਼ਿਵ ਜੀ ਨੇ ਸਮਝਿਆ ਕਿ ਪਾਰਬਤੀ ਹੁੰਗਾਰਾ ਭਰ ਰਹੀ ਹੈ। ਬਾਦ ਵਿਚ ਜਦੋਂ ਸ਼ਿਵ ਜੀ ਨੂੰ ਪਤਾ ਲਗਾ ਕਿ ਪਾਰਬਤੀ ਤਾਂ ਸੌਂ ਗਈ ਸੀ ਇਹ ਤੋਤੇ ਦਾ ਬੱਚਾ ਚਲਾਕੀ ਨਾਲ ਅਮਰ ਕਥਾ ਸੁਣ ਗਿਆ ਹੈ ਤਾਂ ਸ਼ਿਵ ਜੀ ਤੋਤੇ ਦੇ ਚੂਚੇ ਨੂੰ ਮਾਰਨ ਦੌੜਿਆ। ਬੱਚਿਆ ਅੱਗੇ ਅੱਗੇ ਤੇ ਸ਼ਿਵ ਜੀ ਤ੍ਰਿਸ਼ੂਲ ਲਈ ਪਿਛੇ ਪਿਛੇ। ਆਖਿਰ ਚੂਚੇ ਨੇ ਵੇਖਿਆ ਕਿ ਬਿਆਸ ਰਿਖੀ ਦੀ ਪਤਨੀ ਨੰਗੀ ਨਾਅ ਰਹੀ ਸੀ। ਚੂਚਾ ਉਹਦੇ ਢਿੱਡ ਵਿਚ ਵੜ ਗਿਆ। ਸ਼ਿਵ ਜੀ ਕਚੀਚੀਆਂ ਖਾਈ ਜਾਏ। 12 ਸਾਲ ਤਕ ਚੂਚਾ ਬਾਹਰ ਨਾਂ ਨਿਕਲਿਆ।

ਆਖਿਰ ਵਿਸ਼ਨੂੰ ਭਗਵਾਨ ਨੇ ਚੂਚੇ ਨੂੰ ਆਖਿਆ ਭਈ ਹੁਣ ਤਾਂ ਜਨਮ ਲੈ ਲਓ। ਚੂਚਾ ਜੰਮਿਆ। ਉਹਦਾ ਨਾਂ ਸੁਖਦੇਵ ਰਿਖੀ ਰੱਖਿਆ ਗਿਆ।

ਜਿਵੇ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਪੁਜਾਰੀ ਨੂੰ ਹੱਕ ਹਾਸਲ ਹੈ ਕਿ ਉਹ ਮੰਦਰ ਦੀ ਪ੍ਰਸਿੱਧੀ ਵਧਾਉਣ ਵਾਸਤੇ ਕੋਈ ਵੀ ਕਹਾਣੀ ਘੜ੍ਹ ਸਕਦਾ ਹੈ।

ਅਮਰ ਕਥਾ ਚੂਚੇ ਵਲੋਂ ਸੁਣੇ ਜਾਣ ਦੀ ਕਹਾਣੀ ਅਨੇਕਾਂ ਮੰਦਰਾਂ ਨਾਲ ਜੁੜੀ ਹੋਈ ਹੈ। ਅਮਰ ਨਾਥ ਓਨਾਂ ਵਿਚੋਂ ਇਕ ਹੈ।

ਪਰਗਟੁ ਜਾਇ ' ਜਾਂ ਫਿਰ ' ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥ ' ਗੁਰੂ ਸਾਹਿਬ ਦੀ ਆਮਦ ਦੀ ਚੁਫੇਰੇ ਚਰਚਾ ਹੋ ਉੱਠੀ।

ਇਹ ਚਰਚਾ ਸੁਣ ਕੇ ਕਿ ਇਕ ਅਲੌਕਿਕ ਕਿਸਮ ਦਾ ਜਾਣੀ ਜਾਣ ਚਮਤਕਾਰੀ ਸਾਧੂ ਆਇਆ ਹੈ ਇਲਾਕੇ ਦਾ ਵਿਦਵਾਨ ਪੰਡਤ ਬ੍ਰਹਮ ਦਾਸ•, ਜੋ ਮੱਟਣ ਤੋਂ 13 ਕਿ. ਮੀ. ਹੇਠਾਂ ਬਿਜਬਿਆੜੇ ਰਹਿੰਦਾ ਸੀ ਗੁਰੂ ਜੀ ਨੂੰ 'ਰਾਹੇ ਪਾਉਣ' ਮੱਟਣ ਆ ਗਿਆ। ਬ੍ਰਹਮ ਦਾਸ ਦੀ ਮਸ਼ਹੂਰੀ ਸੀ ਕਿ ਉਸ ਕੋਲ ਅਨੇਕਾਂ ਧਾਰਮਿਕ ਗ੍ਰੰਥ ਮੌਜੂਦ ਨੇ।

ਗੁਰੂ ਸਾਹਿਬ ਨੇ ਓਦੋਂ ਯਾਕ ਦੀ ਖੱਲ ਦੀ ਬਣੀ ਪੁਸ਼ਾਕ ਪਹਿਨੀ ਹੋਈ ਸੀ। ਪੈਰੀ ਵੀ ਚਮੜੇ ਦੀ ਜੁੱਤੀ ਸੀ। ਜਰੂਰੀ ਵਾਸਤੇ ਗੁਰੂ ਸਾਹਿਬ ਕੋਲ ਰੱਸੇ ਸਨ ਜੋ ਉਨਾਂ ਪੱਗ ਤੇ ਬੰਨੇ ਹੋਏ ਸਨ।

ਗੁਰੂ ਸਾਹਿਬ ਬਹੁਤ ਪਿਆਰ ਸਤਿਕਾਰ ਨਾਲ ਬ੍ਰਹਮ ਦਾਸ ਨੂੰ ਮਿਲੇ। ਨਮਸਕਾਰ ਬੁਲਾਈ। ਸਾਹਿਬ ਦਾ ਇਹ ਹੁਲੀਆ ਵੇਖ ਬ੍ਰਹਮ ਦਾਸ ਦਾ ਇਕ ਦਮ ਪਾਰਾ ਗਰਮ ਹੋ ਗਿਆ। ਉਸ ਨੇ ਪੈਦਿਆਂ ਹੀ ਸਵਾਲਾਂ ਦੀ ਬੁਛਾੜ ਕਰ ਦਿਤੀ। ਤੁਸੀ ਕਿਹੜੀ ਸੰਪਰਦਾ ਦੇ ਸਾਧੂ ਹੋ? ਕੀ ਤੁਸੀ ਹਿੰਦੂ ਹੋ, ਕਿ ਮੁਸਲਮਾਨ, ਕਿ ਕੌਣ ਹੋ? ਤੁਸੀ ਸਾਧੂ ਹੋ ਕੇ ਚਮੜਾ ਕਿਓ ਪਾਇਆ ਹੋਇਆ ਹੈ।

ਗੁਰੂ ਸਾਹਿਬ ਨੇ ਬੜੀ ਹਲੀਮੀ ਨਾਲ ਉੱਤਰ ਦਿਤਾ ਕਿ ਚਾਹੇ ਕੋਈ ਹਿੰਦੂ ਹੈ ਜਾਂ ਮੁਸਲਮਾਨ ਹੋਵੇ ਰੱਬ ਦੇ ਸੱਚ ਤਖਤ ਤੇ ਪਹੁੰਚਣ ਦਾ ਰਸਤਾ ਤਾਂ ਇਕੋ ਹੀ ਹੈ ਕਿਉਕਿ ਉਹਦਾ ਦਰਵਾਜਾ ਵੀ ਇਕ ਹੀ ਹੈ। ਨਾਲੇ ਮੈਂ ਤਾਂ ਉਸ ਦਾ ਉਪਾਸ਼ਕ ਹਾਂ ਜਿਸ ਨੇ ਇਹ ਚਮੜਾ ਬਣਾਇਆ ਹੈ। ਜਿਸ ਨੇ ਤੁਹਾਨੂੰ ਵੀ ਬਣਾਇਆ ਹੈ। ਸਾਹਿਬ ਨੇ ਮਰਦਾਨੇ ਦੀ ਰਬਾਬ ਤੇ ਸਬਦ ਗਾਵਿਆ:-

ਮਹਲਾ ੧ ॥ ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ ॥ ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ ॥੨॥ ਪਉੜੀ ॥ ਆਪੀਨੈ੍ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥ ਵਿਣੁ ਥੰਮ੍ਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥ ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥ ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥ ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥ ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥੧॥

ਗੁਰੂ ਸਾਹਿਬ ਸਾਹਮਣੇ ਬ੍ਰਹਮ ਦਾਸ ਬਾਰ ਬਾਰ ਆਪਣੇ ਕਿਤਾਬੀ ਗਿਆਨ ਨੂੰ ਮੋਹਰੇ ਰੱਖੇ ਜਿਸ ਤੇ ਗੁਰੂ ਸਾਹਿਬ ਨੇ ਸਬਦ ' ਪੜਿ ਪੜਿ ਗਡੀ ਲਦੀਅਹਿ' ਵਾਲਾ ਗਾ ਦਿਤਾ। ਜਿਸ ਤੇ ਬ੍ਰਹਮ ਦਾਸ


ਮੱਟਣ ਵਿਖੇ 8ਵੀ ਸਦੀ ਈ. ਦੇ ਮਾਰਤੰਡ ਮੰਦਰ ਦੇ ਖੰਡਰਾਤ


ਪੰਡਤ ਬ੍ਰਹਮ ਦਾਸ ਦਾ ਘਰ ਅੱਜ ਬੀਜਬਿਆੜੇ ਵਿਖੇ ਗੁਰਅਸਥਾਨ ਬਣ ਚੁੱਕਾ ਹੈ।

ਨੂੰ ਹੋਰ ਰੋਹ ਚੜ੍ਹ ਗਇਆ।

ਬਹੁਤ ਗਿਆਨ ਦੀਆਂ ਗੋਸਟਾਂ ਹੋਈਆਂ। ਬ੍ਰਹਮ ਦਾਸ ਨਾਲ ਗੱਲਾਂ ਬਾਤਾਂ ਚਲ ਰਹੀਆਂ ਸਨ ਕਿ ਮੀਂਹ ਆ ਗਿਆ। ਬ੍ਰਹਮ ਦਾਸ ਕਹਿਣ ਲੱਗਾ ਕਿ ਮੀਂਹ ਨਾਲ ਲੋਕਾਈ ਸੁਖ ਦਾ ਸਾਹ ਲੈਂਦੀ ਹੈ। ਗੁਰੂ ਸਾਹਿਬ ਨੇ ਕਿਹਾ ਕਿ ਹਰ ਕੋਈ ਖੁਸ਼ ਨਹੀ ਹੁੰਦਾ ਬਰਸਾਤ ਨਾਲ। ਅਮੀਰ ਬੰਦਾ ਤਾਂ ਚਲੋ ਖੁਸ਼ ਹੋਵੇਗਾ ਪਰ ਬਰਸਾਤ ਗਰੀਬ ਨੂੰ ਦੁੱਖ ਦਿੰਦੀ ਹੈ। ਹੱਸ ਕੇ ਕਹਿਣ ਲੱਗੇ ਮੁਸਾਫਿਰ ਵੀ ਤਾਂ ਤੰਗ ਹੁੰਦੇ ਨੇ ਮੀਂਹ ਖਹਿੜੇ 'ਚ।

ਗੁਰੂ ਸਾਹਿਬ ਨੇ ਸਬਦ ਉਚਾਰਿਆ:-✚

ਸਲੋਕ ਮਃ ੧ ॥ ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ॥ ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ ॥੧॥ ਮਃ ੧ ॥ ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ ॥ ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ ॥੨॥ ਪਉੜੀ ॥ ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ ॥ ਬੈਠਾ ਤਾੜੀ ਲਾਇ ਕਵਲੁ ਛਪਾਇਆ ॥ ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ ॥ ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ॥ ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ ॥ ਨਾ ਤਿਸੁ ਭੁਖ ਪਿਆਸ ਰਜਾ ਧਾਇਆ ॥ ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥ ਸਚੇ ਹੀ ਪਤੀਆਇ ਸਚਿ ਸਮਾਇਆ ॥੨॥

ਰੂਹਾਨੀਅਤ ਨਾਲ ਸਬੰਧਿਤ ਬਹੁਤ ਗੱਲਾਂ ਬਾਤਾਂ ਹੋਈਆਂ ਬ੍ਰਹਮ ਦਾਸ ਨਾਲ। ਹੌਲੀ ਹੌਲੀ ਬ੍ਰਹਮ ਦਾਸ ਨੂੰ ਅਹਿਸਾਸ ਹੋਈ ਜਾ ਰਿਹਾ ਸੀ ਉਹਦੀ ਗੋਸਟ ਕਿਸੇ ਸਧਾਰਨ ਸਾਧੂ ਨਾਲ ਨਹੀ ਹੋ ਰਹੀ।

ਬ੍ਰਹਮ ਦਾਸ ਅਵਤਾਰਾਂ ਦੀ ਅਹਿਮੀਅਤ ਦੀਆਂ ਗੱਲਾਂ ਕਰਨ ਲੱਗ ਪਿਆ ਕਿ ਰਾਮ ਹੀ ਰੱਬ ਹੈ ਕ੍ਰਿਸ਼ਨ ਹੀ ਰੱਬ ਹੈ। ਸਾਹਿਬ ਨੇ ਇਥੇ ਫਿਰ ਸਬਦ ਉਚਾਰਿਆ:

ਸਲੋਕੁ ਮਃ ੧ ॥ ਸਹੰਸਰ ਦਾਨ ਦੇ ਇੰਦੁ ਰੋਆਇਆ ॥ ਪਰਸ ਰਾਮੁ ਰੋਵੈ ਘਰਿ ਆਇਆ ॥ ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥ ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥ ਰੋਵੈ ਦਹਸਿਰੁ ਲੰਕ ਗਵਾਇ ॥ ਜਿਨਿ ਸੀਤਾ ਆਦੀ ਡਉਰੂ ਵਾਇ ॥ ਰੋਵਹਿ ਪਾਂਡਵ ਭਏ ਮਜੂਰ ॥ ਜਿਨ ਕੈ ਸੁਆਮੀ ਰਹਤ ਹਦੂਰਿ ॥ ਰੋਵੈ ਜਨਮੇਜਾ ਖੁਇ ਗਇਆ ॥ ਏਕੀ ਕਾਰਣਿ ਪਾਪੀ ਭਇਆ ॥ ਰੋਵਹਿ ਸੇਖ ਮਸਾਇਕ ਪੀਰ ॥ ਅੰਤਿ ਕਾਲਿ ਮਤੁ ਲਾਗੈ ਭੀੜ ॥ ਰੋਵਹਿ ਰਾਜੇ ਕੰਨ ਪੜਾਇ ॥ ਘਰਿ ਘਰਿ ਮਾਗਹਿ ਭੀਖਿਆ ਜਾਇ ॥ ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥ ਪੰਡਿਤ ਰੋਵਹਿ ਗਿਆਨੁ ਗਵਾਇ ॥ ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥ ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥੧॥

ਗੁਰੂ ਸਾਹਿਬ ਨੇ ਬ੍ਰਹਮ ਦਾਸ ਨੂੰ ਸਮਝਾਇਆ ਕਿ ਭਾਈ ਉਹ ਅਵਤਾਰੀ ਪੁਰਖ ਸਾਰੇ ਨਿਰੰਕਾਰ ਦੇ ਪੈਦਾ ਕੀਤੇ ਹੋਏ ਸਨ ਜਿੰਨਾਂ ਨੇ ਦੁੱਖ ਸੁੱਖ ਜਰੇ। ਅਸੀ ਉਸ ਨੂੰ ਮੰਨਣਾ ਹੈ ਜਿੰਨੇ ਓਨਾਂ

ਅਵਤਾਰਾਂ ਨੂੰ ਵੀ ਪੈਦਾ ਕੀਤਾ।

ਬ੍ਰਹਮ ਦਾਸ ਨੇ ਇਕ ਆਖਰੀ ਸਵਾਲ ਕਰ ਦਿਤਾ। ਕਹਿਣ ਲੱਗਾ ਕਿ ਮਹਾਤਮਾ ਜੀ ਤੁਸੀ ਰੱਬ ਦੀਆਂ ਕਈ ਰਚਨਾਵਾਂ ਗਿਣਾਈਆਂ ਨੇ। ਮੈਨੂੰ ਇਹ ਦੱਸੋ ਜਦੋਂ ਇਹ ਰਚਨਾ ਮੌਜੂਦ ਹੀ ਨਹੀ ਸਨ ਤਾਂ ਫਿਰ ਰੱਬ ਦਾ ਸੰਕਲਪ ਕਿਵੇ ਪੈਂਦਾ ਹੋਵੇਗਾ? ਤੁਸੀ ਕਹਿੰਦੇ ਹੋ ਨਿਰੰਕਾਰ ਸੁਚੇਤ ਹੈ, ਸਾਡੇ ਅੰਗ ਸੰਗ ਹੈ, ਸਾਨੂੰ ਸੁਣਦਾ, ਸਾਨੂੰ ਵੇਖਦਾ ਹੈ ਬੜਾ ਦਿਆਲੂ ਹੈ, ਰਚਨਾ ਦੀ ਗੈਰਮੌਜੂਦਗੀ ਵਿਚ ਤੁਸੀ ਰੱਬ ਦਾ ਅਹਿਸਾਸ ਕਿਵੇ ਕਰ ਸਕਦੇ ਹੋ?

ਓਥੇ ਫਿਰ ਗੁਰੂ ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕਰਕੇ ਮਾਰੂ ਰਾਗ ਵਿਚ ਸਬਦ ਉਚਾਰਿਆ:



ਗੁਰਦੁਆਰਾ ਪਹਿਲੀ ਪਾਤਸ਼ਾਹੀ ਮੱਟਣ

**ਮਾਰੂ ਮਹਲਾ ੧ ॥ ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥ ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥ ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥ ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਖੈ ਕਾਲਾ ॥ ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥੩॥ ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ ॥ ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥੪॥ ਨਾ ਤਦਿ ਜਤੀ ਸਤੀ ਬਨਵਾਸੀ ॥ ਨਾ ਤਦਿ ਸਿਧ ਸਾਧਿਕ ਸੁਖਵਾਸੀ ॥ ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ॥੫॥ ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥ ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥੬॥ ਨਾ ਸੁਚਿ ਸੰਜਮੁ ਤੁਲਸੀ ਮਾਲਾ ॥ ਗੋਪੀ ਕਾਨੁ ਨ ਗਊ ਗੋੁਆਲਾ ॥ ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ॥੭॥ ਕਰਮ ਧਰਮ ਨਹੀ ਮਾਇਆ ਮਾਖੀ ॥ ਜਾਤਿ ਜਨਮੁ ਨਹੀ ਦੀਸੈ ਆਖੀ ॥ ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ ॥੮॥ ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ॥ ਨਾ ਤਦਿ ਗੋਰਖੁ ਨਾ ਮਾਛਿੰਦੋ ॥ ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ ॥੯॥ ਵਰਨ ਭੇਖ ਨਹੀ ਬ੍ਰਹਮਣ ਖਤ੍ਰੀ ॥ ਦੇਉ ਨ ਦੇਹੁਰਾ ਗਊ ਗਾਇਤ੍ਰੀ ॥ ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ ॥੧੦॥ ਨਾ ਕੋ ਮੁਲਾ ਨਾ ਕੋ ਕਾਜੀ ॥ ਨਾ ਕੋ ਸੇਖੁ ਮਸਾਇਕੁ ਹਾਜੀ ॥ ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ॥੧੧॥ ਭਾਉ ਨ**

ਪੈੜ ਸੂਹਾ

✚ ਪੁਰਾਤਨ -170 ਵਿਚ ਆਇਆ ਹੈ ਕਿ ਇਹ ਬਾਣੀਆਂ ਇਥੇ ਰਚੀਆਂ ਗਈਆਂ ਸਨ।

◘ ਕਿਉਕਿ ਬਾਲੇ ਨੇ ਲਿਖਿਆ ਹੈ ਕਿ ਉਦਾਸੀ ਛੋਟੀ ਜਿਹੀ ਸੀ।

ਬ੍ਰਹਮ ਦਾਸ ਦਾ ਬੀਜਬਿਆੜਾ ਵਾਲਾ ਘਰ ਜਿਹਲਮ ਦਰਿਆ ਦੇ ਕੰਢੇ ਤੇ ਹੀ ਮੌਜੂਦ ਸੀ। ਜਿਥੇ ਫਿਰ ਧਰਮਸਾਲਾ ਬਣ ਗਈ। ਬੀਜਬਿਆੜਾ ਵਿਖੇ ਹੀ ਇਕ ਧਾਰਮਿਕ ਬਿਰਤੀ ਵਾਲੀ ਬੀਬੀ ਗੁਪੀ ਦੇਈ ਨੂੰ ਗੁਰਮਤ ਦਾ ਉਪਦੇਸ਼ ਦਿਤਾ। 1815 ਈ ਦੇ ਆਸ ਪਾਸ ਭਾਵ ਸਿੱਖ ਰਾਜ ਦੀ ਚੜ੍ਹਤ ਵੇਲੇ ਇਥੇ ਖੂਬਸੂਰਤ ਗੁਰਦੁਆਰਾ ਬਣਿਆ। 1950 ਦੇ ਆਸ ਪਾਸ ਸਰਕਾਰ ਨੇ ਗੁਰਦੁਆਰਾ ਢਾਹ ਦਿਤਾ ਤੇ ਇਥੋਂ ਦੀ ਸੜ੍ਹਕ ਕੱਢੀ। ਅੱਜ ਕਲ੍ਹ ਗੁਰੂ ਨਾਨਕ ਪਾਤਸ਼ਾਹ ਦਾ ਯਾਦਗਾਰੀ ਗੁਰਦੁਆਰਾ ਜਿਹਲਮ ਦੇ ਖੱਬੇ ਕੰਢੇ ਪੁਲ ਕੋਲ ਮੌਜੂਦ ਹੈ।

ਗੁਰੂ ਨਾਨਕ ਗੁਰਦੁਆਰਾ ਮੱਟਣ - ਮੱਟਣ ਵਿਖੇ ਜਿਹੜੇ ਦੋ ਚਸ਼ਮੇ ਹਨ ਓਥੇ ਬਣੇ ਸਰੋਵਰ ਦੇ ਵਿਚਕਾਰ ਇਕ ਵੱਡਾ ਪੱਥਰ ਦਾ ਥੜਾ ਹੁੰਦਾ ਸੀ। ਕਿਹਾ ਜਾਂਦਾ ਹੈ ਕਿ ਉਸ ਥੜੇ ਤੇ ਬਹਿ ਗੁਰੂ ਸਾਹਿਬ ਤੇ ਸੰਸਕ੍ਰਿਤ ਵਿਦਵਾਨ ਬ੍ਰਹਮ ਦਾਸ ਦੀ ਗੋਸਟਿ ਹੋਈ ਸੀ। ਗੁਰਦੁਆਰਾ ਸਾਹਿਬ ਦੀ ਪਹਿਲੀ ਇਮਾਰਤ ਸੰਨ 1766 ਈ ਵਿਚ ਗੁਰਮੁਖ ਸਿੰਘ ਨੇ ਬਣਵਾਈ ਸੀ। ਬਾਦ ਵਿਚ ਸਿੱਖ ਜਰਨੈਲ ਹਰੀ ਸਿੰਘ ਨਲੂਆ ਨੇ 1821 ਵਿਚ ਬਣਾਈ। ਉਨਾਂ ਨੇ ਚਸ਼ਮਿਆਂ ਦੇ ਦੁਆਲੇ 7 ਕਮਰੇ ਤਾਮੀਰ ਕਰਵਾਏ ਤੇ ਹਰ ਇਕ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾਇਆ।

ਡੋਗਰਾ ਰਾਜਾ ਪ੍ਰਤਾਪ ਸਿੰਘ (1905-1909) ਨੇ ਈਰਖਾ ਵੱਸ ਇਹ 7 ਗੁਰਦੁਆਰੇ ਢੁਹਾ ਦਿਤੇ। ਬਾਦ ਵਿਚ ਕੇਂਦਰੀ ਥੜੇ ਤੇ 1944 ਈ 'ਚ ਮੰਦਰ ਬਣਵਾ ਦਿਤਾ। ਹਿੰਦੂਆਂ ਨੇ ਗੁਰਦੁਆਰੇ ਨੂੰ ਬਾਹਰ ਕਢਵਾਉਣ ਲਈ ਅਦਾਲਤ ਵਿਚ ਕੇਸ ਕੀਤੇ ਹੋਏ ਨੇ। ਗੁਰਦੁਆਰੇ ਦੇ ਨਾਲ ਹੀ ਇਕ ਪੁਰਾਤਨ ਚਿਨਾਰ ਦਾ ਰੁੱਖ ਵੀ ਸ਼ੁੱਸ਼ੋਭਿਤ ਹੈ। ਇਥੇ ਗੁਰੂ ਗ੍ਰੰਥ ਸਾਹਿਬ ਦੀ ਇਕ ਪੁਰਾਤਨ ਬੀੜ ਵੀ ਮੌਜੂਦ ਹੈ ਜਿਸ ਤੇ ਹਰੀ ਸਿੰਘ ਨਲੂਆ ਦੇ ਹੱਥ ਲਿਖਤ ਗੁਰਬਾਣੀ ਦੀਆਂ ਕੁਝ ਸਤਰਾਂ ਵੀ ਮੌਜੂਦ ਹਨ। (ਹਵਾਲਾ : ਗੁਰਦੁਆਰਾ ਕੋਸ਼-ਜਸਬੀਰ ਸਿੰਘ-339)

ਜਿਹਲਮ ਦੇ ਕੰਢੇ ਮੱਟਣ (6 ਕਿ.ਮੀ) ਅਨੰਤਨਾਗ (9 ਕਿ. ਮੀ) ਤੇ ਬੀਜਬਿਆੜਾ ਸ਼ਹਿਰ ਨੇੜੇ ਨੇੜੇ ਹੀ ਹਨ। ਅਨੰਤਨਾਗ ਸ਼ਹਿਰ ਵਿਖੇ ਵੀ ਗੁਰੂ ਨਾਨਕ ਸਾਹਿਬ ਦਾ ਯਾਦਗਾਰੀ ਗੁਰਦੁਆਰਾ ਮੌਜੂਦ ਹੈ ਜਿਸ ਬਾਬਤ ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ ਗੁਰਦੁਆਰਾ ਕੋਸ਼- ਲਿਖਾਰੀ ਜਸਬੀਰ ਸਿੰਘ ਨੇ ਪੰਨਾ 34 ਤੇ ਇਸ ਪ੍ਰਕਾਰ ਲਿਖਿਆ ਹੈ:-

ਜਦੋਂ ਗੁਰੂ ਸਾਹਿਬ ਅਨੰਤਨਾਗ ਆਏ ਤਾਂ ਉਹਨਾਂ ਨੇ ਬਾਹਰਵਾਰ ਨਾਗਬਲ ਨਾਂ ਦੇ ਚਸ਼ਮੇ ਕੋਲ ਕਿਆਮ ਕੀਤਾ। ਜਿਥੇ ਅੱਜ ਗੁਰਦੁਆਰਾ ਗੁਰੂ ਨਾਨਕ ਅਸਥਾਨ ਕਰਕੇ ਪ੍ਰਸਿਧ ਹੈ। ਇਹ ਗੁਰਦੁਆਰਾ ਸਿੱਖ ਰਾਜ ਤੋਂ ਪਹਿਲਾਂ ਹੀ ਇਥੇ ਕਾਇਮ ਹੋ ਚੁੱਕਾ ਸੀ। ਸਿੱਖ ਰਾਜ ਸਮੇਂ ਇਸ ਗੁਰਦੁਆਰੇ ਨਾਲ ਕਾਫੀ ਜਗੀਰਾਂ ਲਗੀਆਂ ਹੋਈਆਂ ਸਨ। ਜਿਸ ਦੀ ਗਵਾਹੀ ਪੁਰਾਣੀ ਰਸ਼ਾਦਾਂ ਤੋਂ ਮਿਲਦੀ ਹੈ। 1945 ਵਿਚ ਡੋਗਰਾ ਰਾਜ ਸਮੇਂ ਇਸ ਗੁਰਦੁਆਰੇ ਨੂੰ ਗੁਰਦੁਆਰਾ ਨਾਨਕਸਰ ਮੱਟਨ ਵਾਂਗ ਹਿੰਦੂ ਪ੍ਰਾਪਟੀ ਕਰਾਰ ਦੇਣ ਦੀਆਂ ਸਾਜਿਸ਼ਾਂ ਨੰਮੂਦਾਰ ਹੋਈਆਂ। ਧਰਮ ਅਰਥ ਕੌਂਸਲ ਵਲੋਂ ਕੇਸ ਦਾਇਰ ਕੀਤੇ ਗਏ। ਉਸ ਸਮੇਂ ਕੁਝ ਸਿੱਖ ਚਿੰਤਕਾਂ ਨੇ ਮਟਨ ਦੀ ਸੰਗਤ ਪਾਸੋਂ ਪੁਰਾਣੇ ਰਿਸ਼ਾਦ ਢੂੰਡ ਕੇ ਸਿੱਖ ਕਾਜ ਨੂੰ ਮਜਬੂਤ ਕੀਤਾ ਤੇ ਡੋਗਰੇ ਰਾਜਿਆਂ ਦੀ ਸਾਜਿਸ਼ ਨੂੰ ਬੇਨਕਾਬ ਕੀਤਾ।

ਗੁਰਦੁਆਰੇ ਦੀ ਅਜੋਕੀ ਇਮਾਰਤ ਦੱਖਣ ਵੱਲ 1950 ਵਿਚ ਅਤੇ ਦੂਸਰੀ ਮੰਜਲ 1970 ਵਿਚ ਬਣਾਈ ਗਈ। ਇਹ ਗੁਰਦੁਆਰਾ ਬਜਾਰ ਦੇ ਵਿਚਕਾਰ ਹੈ। ਇਹ ਨਗਰ ਉਸ ਸਮੇਂ ਵੀ ਸੰਸਾਰ ਦੀਆਂ ਖਬਰਾਂ ਵਿਚ ਆਇਆ ਜਦੋਂ 36 ਨਿਹੱਥੇ ਸਿੰਘਾਂ ਨੂੰ ਪਿੰਡ ਚਿੱਠੀ ਸਿੰਘਪੁਰਾ ਵਿਚ ਬੜੀ ਬੇਦਰਦੀ ਨਾਲ ਜਾਲਮਾਂ ਨੇ ਮਾਰ ਦਿਤਾ ਸੀ।"

ਜਸਬੀਰ ਸਿੰਘ ਜਿਸ ਘਟਨਾਂ ਦਾ ਉਪਰ ਜਿਕਰ ਕਰ ਰਹੇ ਹਨ ਉਹ 20 ਮਾਰਚ ਸੰਨ 2000 ਨੂੰ ਵਾਪਰੀ ਸੀ ਜਦੋਂ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਨੇ 24 ਮਾਰਚ ਨੂੰ ਭਾਰਤ ਆਉਣਾ ਸੀ। ਭਾਰਤੀ ਮੀਡੀਏ ਨੇ ਉਦੋਂ ਇਲਜਾਮ ਲਾਇਆ ਸੀ ਕਿ ਇਹ ਪਾਕਿਸਤਾਨੀ ਅੱਤਵਾਦੀਆਂ ਦਾ ਕਾਰਾ ਹੈ। ਬਾਦ ਵਿਚ ਸਿੱਖ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਜਦੋਂ ਪੜਤਾਲ ਕੀਤੀ ਤਾਂ ਉਨਾਂ ਸ਼ੱਕ ਜ਼ਾਹਿਰ ਕੀਤਾ ਕਿ ਇਹ ਭਾਰਤੀ ਫੌਜ ਦੇ ਕੁਝ ਪਾਗਲ ਅਫਸਰਾਂ ਦੀ ਕਰਤੂਤ ਹੈ। ਬਾਦ ਵਿਚ ਸੀ ਬੀ ਆਈ ਨੇ ਪੜਤਾਲ ਕੀਤੀ ਤੇ ਰਿਪੋਰਟ ਅੱਜ ਤਕ ਨਸ਼ਰ ਨਹੀ ਕੀਤੀ ਜਿਸ ਤੋਂ ਫੌਜ ਤੇ ਸ਼ੱਕ ਹੋਰ ਪੱਕਾ ਹੋ ਜਾਂਦਾ ਹੈ।

*1675 ਈ. ਵਿਚ ਜਿਹੜੇ ਕਸ਼ਮੀਰੀ ਬ੍ਰਾਹਮਣ (ਕਿਰਪਾ ਰਾਮ ਹੁਰੀ) ਗੁਰੂ ਤੇਗ ਬਹਾਦਰ ਅੱਗੇ ਫਰਿਆਦੀ ਹੋਏ ਸਨ ਕਿ ਔਰੰਗਜੇਬ ਜਬਰਦਸਤੀ ਉਨਾਂ ਨੂੰ ਮੁਸਲਮਾਨ ਬਣਨ ਲਈ ਮਜਬੂਰ ਕਰ ਰਿਹਾ ਹੈ ਤੇ ਬਾਦ ਵਿਚ ਗੁਰੂ ਸਾਹਿਬ ਨੇ ਸ਼ਹਾਦਤ ਦਿਤੀ ਸੀ, ਉਹ ਮੱਟਣ ਦੇ ਹੀ ਸਨ।

◆ ਸਾਈਕਲ ਯਾਤਰੀ -489 ਨੇ ਉਸ ਵੇਲੇ ਦੇ ਪੰਡਤ ਦਾ ਨਾਂ ਮੁਕੰਦ ਲਾਲ ਜਾਂ ਮੁਕੰਦਾ ਦੱਸਿਆ ਹੈ। ਜਦੋਂ ਮੁਕੰਦਾ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਗਿਆ ਤਾਂ ਗੁਰੂ ਸਾਹਿਬ ਨੇ ਓਥੇ ਧਰਮਸਾਲਾ ਬਣਾਉਣ ਦਾ ਹੁਕਮ ਕੀਤਾ। ਮੁਕੰਦੇ ਨੇ ਇਕ ਚੌੜੀ ਸਿਲ ਉਪਰ ਧਰਮਸਾਲਾ ਦਾ ਨਿਰਮਾਣ ਕਰਵਾਇਆ ਜੋ ਮੁਗਲ ਹਕੂਮਤ ਵੇਲੇ ਕਿਸੇ ਸਮੇਂ ਡਿੱਗ ਪਈ ਤੇ ਸਿਰਫ ਥੜਾ ਹੀ ਬਚਿਆ ਰਿਹਾ ਹੈ ਹੁਣ ਤਕ।

● https://en.wikipedia.org/wiki/Kashmiri_Pandit_festivals

◉ ਮਨੀ ਸਿੰਘ - 429 ਨੇ ਵੀ ਗੁਰੂ ਸਾਹਿਬ ਦਾ ਕਸ਼ਮੀਰ ਵਾਲੇ ਪਾਸਿਓ ਕਾਬੁਲ ਆਉਣਾ ਲਿਖਿਆ ਹੈ।

○ ਇਥੋਂ ਸ਼ੱਕ ਪੈਂਦਾ ਹੈ ਕਿ ਗੁਰੂ ਸਾਹਿਬ ਸਾਉਣ ਦੇ ਮਹੀਨੇ ਮੱਟਣ ਵਿਖੇ ਸਨ। ਸਾਵਣ ਸੰਮਤ 1576 ( ਅਗਸਤ ਸੰਨ 1519)। ਪਰ ਦੂਸਰੇ ਪਾਸੇ ਸਬੂਤ ਹਨ ਕਿ ਸਾਵਣ ਦੇ ਮਹੀਨੇ ਸਾਹਿਬ ਹਸਨ ਅਬਦਾਲ ਸਨ।



ਗੁਰਦੁਆਰਾ ਸਾਹਿਬ ਅਵੰਤੀਪੁਰਾ

ਭਗਤੀ ਨਾ ਸਿਵ ਸਕਤੀ ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥ ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ ॥੧੨॥ ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥ ਪਾਠ ਪੁਰਾਣ ਉਦੈ ਨਹੀ ਆਸਤ ॥ ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ ॥੧੩॥ ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥ ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥ ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥ ਕਰਿ ਕਰਿ ਦੇਖੈ ਹੁਕਮੁ ਸਬਾਇਆ ॥ ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥ ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥ ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥

ਬ੍ਰਹਮ ਦਾਸ ਨੇ ਸਬਦ ਦੀ ਵਿਆਖਿਆ ਸੁਣੀ। ਹੋਰ ਵੀ ਮਨ ਦੀਆਂ ਜੋ ਸ਼ੰਕਾਵਾਂ ਸਨ ਦੂਰ ਕੀਤੀਆਂ ਤੇ ਅਖੀਰ ਗੁਰੂ ਸਾਹਿਬ ਅੱਗੇ ਡੰਡਾਉਤ ਕਰ ਦਿੱਤੀ। ਬ੍ਰਹਮ ਦਾਸ ਨੇ ਗੁਰੂ ਸਾਹਿਬ ਕੋਲੋਂ ਸਿੱਖੀ ਮੰਗ ਲਈ। ਗੁਰੂ ਸਾਹਿਬ ਨੂੰ ਆਪਣੇ ਘਰ ਬੀਜਬਿਆੜੇ ਹੀ ਲੈ ਆਇਆ। ਬ੍ਰਹਮ ਦਾਸ ਗਲ ਵਿਚ ਸਿਵਲਿੰਗ ਪਾਈ ਰੱਖਦਾ ਸੀ। ਗੁਰੂ ਸਾਹਿਬ ਨੇ ਉਹਦਾ ਉਹ ਭਾਰ ਵੀ ਲੁਹਾ ਦਿਤਾ।

ਮੱਟਣ ਰਹਿੰਦਿਆਂ ਹੀ ਬਾਬਾ ਜੀ ਨੂੰ ਖਬਰ ਮਿਲੀ ਕਿ ਅਫਗਾਨਿਸਤਾਨ ਦਾ ਬਾਦਸ਼ਾਹ ਬਾਬਰ ਪੰਜਾਬ ਦੀਆਂ ਰਿਆਸਤਾਂ ਭੇੜਾ (ਬ੍ਹੇੜਾ) ਖੁਸ਼ਾਬ ਤੇ ਚਿਨੀਓਟ ਗੇੜਾ ਕੱਟ, ਰਿਆਸਤਾਂ ਕੋਲੋ ਮੋਟੀ ਰਕਮ ਫਿਰੌਤੀ ਦੀ ਲੈ ਕੇ ਗਇਆ ਹੈ।■ ਗੁਰੂ ਸਾਹਿਬ ਨੇ ਮਹਿਸੂਸ ਕੀਤਾ ਇਹ ਸੁਨਿਹਰੀ ਮੌਕਾ ਹੈ ਕਿ ਬਾਬਰ ਨੂੰ ਜਾ ਕੇ ਮਿਲਿਆ ਜਾਏ ਤੇ ਦਿੱਲੀ ਨੂੰ ਲੋਧੀ ਖਾਨਦਾਨ ਤੋਂ ਛੁਟਕਾਰਾ ਮਿਲੇ। ਗੁਰੂ ਸਾਹਿਬ ਨੇ ਮਹਿਸੂਸ ਕਰ ਲਿਆ ਸੀ ਬੰਗਾਲੀ ਤਿੱਲਾਂ ਵਿਚ ਤੇਲ ਨਹੀ (ਬਾਦਸ਼ਾਹ ਅਲਾਉਦੀਨ ਹੁਸੈਨ) ਉਹ ਸੰਭਾਵਨਾ ਗੁਰੂ ਸਾਹਿਬ ਨੂੰ ਬਾਬਰ ਵਿਚ ਨਜਰ ਆਈ ਜਿਹੜੀ ਉਹ ਪੂਰਬ ਵਿਚ ਢੂੰਡ ਰਹੇ ਸਨ।

ਇਥੋਂ ਹੀ ਫਿਰ ਸਾਹਿਬ ਨੇ ਬਾਬਰ ਦਾ ਪਿੱਛਾ ਕਰਨ ਦਾ ਸੋਚ ਲਿਆ ਅਤੇ ਜਾ ਅਖਿਰ ਉਹਨੂੰ ਕਾਬਲ ਜਾ ਮਿਲੇ ਸਨ।

ਅੱਗੇ ਇਹ ਸਾਬਤ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਬਾਬਰ ਨੂੰ ਹਿੰਦੁਸਤਾਨ ਦੀ ਬਾਦਸ਼ਾਹੀ ਬਖਸੀ ਸੀ। ਇਹ ਕੁਦਰਤੀ ਹੈ ਕਿ ਬਖਸ਼ਸ਼ ਵੇਲੇ ਹਾਲਾਤ ਸੁਖਾਵੇ ਹੋਣਗੇ ਤਾਂ ਹੀ ਗੁਰੂ ਸਾਹਿਬ ਅਸੀਸ ਦੇਣਗੇ। ਬਹੁਤੇ ਇਤਹਾਸਕਾਰਾਂ ਨੇ ਇਹ ਲਿਖ ਦਿਤਾ ਹੈ ਕਿ ਸੈਦਪੁਰ (ਏਮਨਾਬਾਦ) ਵਿਖੇ ਗੁਰੂ ਸਾਹਿਬ ਨੇ ਬਾਬਰ ਨੂੰ ਅਸੀਸ ਦਿਤੀ ਸੀ। ਜਦੋਂ ਕਿ ਸੈਦਪੁਰ ਵਿਚ ਤਾਂ ਉਸ ਮੌਕੇ ਕਤਲਾਮ ਕੀਤਾ ਸੀ ਬਾਬਰ ਨੇ। ਇਤਿਹਾਸ ਵਿਚ ਆਉਦਾ ਹੈ ਗੁਰੂ ਸਾਹਿਬ ਤਾਂ ਇਹ ਜੁਲਮ ਵੇਖ ਕੇ ਕਾਫੀ ਸਮਾਂ ਗੁੰਮ ਰਹੇ ਸਨ, (ਬਾਲਾ)। ਸੋ ਅਸੀਸ ਵਾਲੀ ਗਲ ਤਾਂ ਹੀ ਸੰਭਵ ਹੈ ਜੇ ਗੁਰੂ



ਸੰਕਰਾਚਾਰੀਆ ਮੰਦਰ, ਹਰੀ ਪਰਬਤ, ਸ੍ਰੀ ਨਗਰ

ਪੈੜ ਸਫਾ

■ ਬਾਬਰ ਆਪਣੇ ਜਿੰਦਗੀਨਾਮੇ ਵਿੱਚ ਲਿਖਦਾ ਹੈ ਕਿ:

(ਫਰਵਰੀ 1519) ਆਪਣੀ ਫੌਜ ਦੀ ਕਮਜੋਰੀ ਦੇ ਬਾਵਜੂਦ ਮੈਂ ਤਹਿ ਕੀਤਾ ਕਿ ਇੱਕ ਵੇਰਾਂ ਹਿੰਦੁਸਤਾਨੀ ਇਲਾਕੇ ਦਾ ਘੇੜਾ ਕੱਢਿਆ ਜਾਵੇ।

ਅਸੀ ਅਟੱਕ ਦੇ ਲਾਗਿਓ ਸਿੰਧ ਦਰਿਆ ਪਾਰ ਕੀਤਾ। ਹਿੰਦੁਸਤਾਨ ਦੀ ਫਤਹਿ ਹਮੇਸ਼ਾ ਮੇਰਾ ਸੁਪਨਾ ਰਿਹਾ ਹੈ। ਫਿਰ ਆਹ ਬ੍ਹੇੜਾ (ਭੇੜਾ), ਖੁਸ਼ਾਬ, ਚਿਨਾਬ ਤੇ ਚਿਨੀਓਟ ਜਿਹੇ ਇਲਾਕੇ ਲੰਮੇ ਸਮੇਂ ਤੋਂ ਸਾਡੇ ਤੁਰਕਾਂ ਦੇ ਤਹਿਤ ਰਹੇ ਨੇ। ਇਸ ਕਰਕੇ ਇਨਾਂ ਨੂੰ ਮੈਂ ਆਪਣੇ ਹੀ ਗਿਣਦਾ ਆਇਆ ਹਾਂ ਤੇ ਜਰੂਰੀ ਸਮਝਦਾ ਹਾਂ ਕਿ ਜਿਸ ਤਰਾਂ ਵੀ ਹੋਵੇ ਅਮਨ ਜਾਂ ਜੰਗ ਰਾਂਹੀ ਇਨਾਂ ਨੂੰ ਦੁਬਾਰਾ ਹਾਸਲ ਕਰਾਂ। ਹਰ ਡੰਗਰ ਦੇ ਸਿਰ ਤੇ ਇੱਕ ਅਸਰਫੀ ਤੇ ਹਰ ਘਰ ਤੋਂ ਤਿੰਨ ਅਸ਼ਰਫੀਆਂ ਪੁਰਾਣੇ ਸਮਿਆਂ ਤੋਂ ਹੀ ਇਸ ਇਲਾਕੇ ਦਾ ਮਾਲੀਆ ਤਹਿ ਕੀਤਾ ਹੋਇਆ ਹੈ ।

ਸੋ ਲੂਣ ਘਾਟੀ ਦੇ ਅਨੇਕਾਂ ਮੁਹਤਬਰ ਲੋਕ ਭੇਟਾਵਾਂ ਲੈ ਲੈ ਮੈਨੂੰ ਮਿਲਣੇ ਸ਼ੁਰੂ ਹੋ ਗਏ। ਬਹੇੜੇ ਦੇ ਲੋਕਾਂ ਨੂੰ ਮੈਂ ਕਿਹਾ ਕਿ ਮੈਂ ਤੁਹਾਡੇ ਨਾਲ ਲੜਾਈ ਦੀ ਮਨਸ਼ਾ ਨਾਲ ਨਹੀ ਆਇਆ।

ਓਥੇ ਇੱਕ ਝੀਲ ਸੀ ਜਿਸ ਦੀ ਖੂਬਸੂਰਤੀ ਤੋਂ ਮੈ ਇਨਾਂ ਪ੍ਰਭਾਵਤ ਹੋਇਆ ਕਿ ਮੈਂ ਓਥੇ ਬਾਗ ਲਵਾ ਦਿੱਤਾ ਜਿਸ ਦਾ ਨਾਂ ਮੈਂ 'ਬਾਗ ਇ ਸ਼ਫਾ' ਰਖਿਆ।

ਅੱਜ ਕਲ ਬ੍ਹੇੜਾ, ਖੁਸ਼ਾਬ ਅਤੇ ਚਿਨੀਓਟ ਦੇ ਹੁਕਮਰਾਨ ਦੌਲਤ ਖਾਂ (ਲੋਧੀ) ਲਹੌਰ ਦੇ ਹਕੀਮ ਤਹਿਤ ਹਨ। ਇਹਦਾ ਵੱਡਾ ਪੁੱਤਰ ਅਲੀ ਖਾਂ ਅੱਜ ਕਲ ਬ੍ਹੇੜੇ ਦਾ ਮਾਲਕ ਹੈ।

ਦੌਲਤ ਖਾਂ ਦਾ ਪਿਤਾ ਤਾਤਾਰ ਖਾਂ ਉਹ ਬੰਦਾ ਸੀ ਜਿਸ ਨੇ ਹਿੰਦੁਸਤਾਨ ਤੇ ਹਮਲਾ ਕੀਤਾ ਤੇ ਅੰਤ ਵਿੱਚ ਬਹਿਲੋਲ ਲੋਧੀ ਨੂੰ ਦਿੱਲੀ ਦੇ ਤਖਤ ਤੇ ਬੈਠਾ ਦਿੱਤਾ। ਖਾਂ ਦਾ ਆਪਣਾ ਇਲਾਕਾ ਸਰਹਿੰਦ ਤੇ ਸਤਲੁਜ ਦਾ ਉੱਤਰੀ ਭਾਗ ਸੀ। ਇਸ ਇਲਾਕੇ ਦਾ ਮਾਲੀਆ ਤਿੰਨ ਕ੍ਰੋੜ ਤੋਂ ਵੱਧ ਸੀ।

ਬ੍ਹੇੜੇ ਦਾ ਮਾਲਕ ਮੈਂਨੂੰ ਚਾਰ ਲੱਖ ਅਸ਼ਰਫੀਆਂ ਦੇਣਾ ਮੰਨ ਗਿਆ। ਮੈਂ ਫਿਰ ਕੋਈ ਲੁੱਟ ਮਾਰ ਨਾਂ ਹੋਣ ਦਿੱਤੀ।

ਮੈਨੂੰ ਕਾਬੁਲ ਤੋਂ ਖਬਰ ਮਿਲੀ ਕਿ 4 ਮਾਰਚ ਨੂੰ ਮੇਰੇ ਘਰ ਪੁੱਤਰ ਨੇ ਜਨਮ ਲਿਆ ਹੈ। ਕਿਉਕਿ ਮੈਂ ਹਿੰਦੁਸਤਾਨ ਫਤਹਿ ਕਰਨ ਦੀ ਮੁਹਿੰਮ ਤੇ ਸੀ ਮੈਂ ਇਨੂੰ ਸ਼ੁਭ ਸੰਕੇਤ ਵਜੋਂ ਲਿਆ। ਅਸੀ ਫਿਰ ਖੂਬ ਮਸਤੀ ਕੀਤੀ। ਦਾਰੂ ਸ਼ਾਰੂ ਪੀਤੀ।

30 ਮਾਰਚ (1519 ਈ) ਨੂੰ ਅਸੀ ਵਾਪਸ ਕਾਬਲ ਆ ਗਏ।

* ਸਾਈਕਲ ਯਾਤਰੀ -490 ਅਨੁਸਾਰ ਗੁਰੂ ਨਾਨਕ ਨੇ ਬਾਬਰ ਨੂੰ 7 ਪਾਤਸ਼ਾਹੀਆਂ ਮੱਟਣ ਕਸ਼ਮੀਰ ਵਿਖੇ ਬਖਸ਼ੀਆਂ ਸਨ।

* ਕਈ ਲਿਖਾਰੀਆਂ ਨੇ ਲਿਖਿਆ ਹੈ ਕਿ ਪ੍ਰਸਿੱਧ ਪੰਡਤ ਬ੍ਰਹਮ ਦਾਸ ਨਾਲ ਗੁਰੂ ਸਾਹਿਬ ਦਾ ਮੇਲ ਸ੍ਰੀ ਨਗਰ ਹੋਇਆ ਹੈ- (ਸਾਈਕਲ ਯਾਤਰੀ -497) ਜਦੋਂ ਕਿ ਭਾਈ ਵੀਰ ਸਿੰਘ ਨੇ ਇਹ ਮੇਲ ਮੱਟਣ ਵਿਖੇ ਹੋਣਾ ਲਿਖਿਆ ਹੈ (ਪੁਰਾਤਨ -170) ਅਸੀ ਭਾਈ ਵੀਰ ਸਿੰਘ ਦੀ ਗਲ ਨਾਲ ਸਹਿਮਤ ਹਾਂ।



ਭਗਵਾਨ ਅਵੰਤੀ ਸਵਾਮੀ ਮੰਦਰ ਦੇ ਖੰਡਰਾਤ, ਅਵੰਤੀਪੁਰ।

ਸਾਹਿਬ ਬਾਬਰ ਨੂੰ ਸੈਦਪੁਰ ਦੇ ਹਮਲੇ ਤੋਂ ਪਹਿਲਾਂ ਮਿਲੇ ਹੋਣ। ਫਿਰ ਕਾਬਲ ਵਿਚ ਚੱਕੀ ਵੀ ਮੌਜੂਦ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਬਾਬਰ ਨੇ ਗੁਰੂ ਸਾਹਿਬ ਕੋਲੋਂ ਪਿਸਾਈ ਸੀ। ਸੋ ਗੁਰੂ ਸਾਹਿਬ ਅਤੇ ਬਾਬਰ ਦਾ ਮੇਲ ਐਮਨਾਬਾਦ ਤੋਂ ਪਹਿਲਾਂ ਵੀ ਹੋ ਚੁੱਕਾ ਸੀ ਅਤੇ ਉਹ ਹੋਇਆ ਸੀ ਕਾਬੁਲ ਵਿਖੇ।

ਬ੍ਰਹਮ ਦਾਸ ਕਸ਼ਮੀਰ ਦੇ ਇਲਾਕੇ ਵਿਚ ਬਾਕੀ ਥਾਵਾਂ ਤੇ ਵੀ ਗੁਰੂ ਸਾਹਿਬ ਦੇ ਨਾਲ ਰਿਹਾ। ਰਹਿੰਦੀ ਜਿੰਦਗੀ ਫਿਰ ਸਿੱਖੀ ਦਾ ਪ੍ਰਚਾਰ ਕਸ਼ਮੀਰ ਘਾਟੀ ਵਿਚ ਕੀਤਾ। ਅਨੰਤਨਾਗ ਮੱਟਣ ਜਾਂ ਬੀਜਬਿਆੜੇ ਦੇ ਇਲਾਕੇ ਵਿਚ ਸਿੱਖੀ ਦਾ ਜੋ ਅੱਜ ਪ੍ਰਫੁਲਤ ਰੂਪ ਵੇਖ ਰਹੇ ਹਾਂ ਇਹ ਬ੍ਰਹਮ ਦਾਸ ਜਿਹੇ ਪ੍ਰਚਾਰਕਾਂ ਦੇ ਬਦੌਲਤ ਹੀ ਹੈ। (ਕਸ਼ਮੀਰੀ ਭਾਸ਼ਾ ਵਿਚ ਨਾਗ ਦਾ ਮਤਲਬ ਚਸ਼ਮਾ ਹੁੰਦਾ ਹੈ: ਅਨੰਤਨਾਗ, ਵੈਰੀਨਾਗ, ਸੁਖਨਾਗ ਆਦਿ।)

ਬੀਜਬਿਆੜੇ ਤੋਂ ਫਿਰ 20 ਕਿ. ਮੀ. ਦਾ ਪੈਂਡਾ ਕਰਕੇ ਗੁਰੂ ਸਾਹਿਬ ਅਵੰਤੀਪੁਰਾ ਪਹੁੰਚੇ। ਇਹ ਸ਼ਹਿਰ ਵੀ ਪੰਡਤਾਂ ਦਾ ਵੱਡਾ ਕੇਂਦਰ ਸੀ। ਰਾਜਾ ਅਵੰਤੀਵਰਮਨ (855- 883 ਈ) ਜੋ ਮੌਜੂਦਾ ਕਸ਼ਮੀਰ ਦਾ ਜਨਮਦਾਤਾ ਹੋਇਆ ਹੈ ਜਿਸ ਨੇ ਥਾਂ ਥਾਂ ਤੇ ਜਿਹਲਮ ਦਰਿਆ ਨੂੰ ਡੂੰਘਾ ਕਰਕੇ ਕਸ਼ਮੀਰ ਨੂੰ ਬਾਰ ਬਾਰ ਆਉਣ ਵਾਲੇ ਹੜਾਂ ਤੋਂ ਮੁਕਤ ਕਰਾਇਆ ਸੀ। ਉਸੇ ਨੇ ਇਥੇ ਵਿਸ਼ਨੂੰ ਭਗਵਾਨ ਨੂੰ ਸਮਰਪੱਤ ਇਕ ਆਲੀਸ਼ਾਨ ਮੰਦਰ ਬਣਾਇਆ। ਇਸ ਮੰਦਰ ਦੇ ਖੰਡਰਾਤ ਅੱਜ ਵੀ ਮੰਦਰ ਦੀ ਗੌਰਵਮਈ ਕਹਾਣੀ ਬੋਲ ਬੋਲ ਕੇ ਦੱਸਦੇ ਨੇ। ਕਸ਼ਮੀਰੀਆਂ ਦਾ ਮੰਨਣਾ ਹੈ ਕਿ ਮਾਰਤੰਡ (ਮੱਟਣ) ਦੇ ਸੂਰਜ ਮੰਦਰ ਤੇ ਅਜਿਹੇ ਹੋਰ ਮੰਦਰਾਂ ਨੂੰ ਸੁਲਤਾਨ ਸਿਕੰਦਰ ਬੁੱਤਸ਼ਕਿਨ ਨੇ ਢਾਹਿਆ ਸੀ। ਪਰ ਅੰਗਰੇਜ ਪੁਰਾਤਤਵ ਵਿਗਿਆਨੀਆਂ (ਮੂਰਕ੍ਰਾਫਟ ਤੇ ਟ੍ਰੀਬੈੱਕ) ਦਾ ਮੰਨਣਾ ਹੈ ਕਿ ਸਿਕੰਦਰ ਨੇ ਬੁੱਤ ਵਗੈਰਾ ਜਰੂਰ ਬਰਬਾਦ ਕੀਤੇ ਹੋਣਗੇ ਪਰ ਮੰਦਰਾਂ ਦੀਆਂ ਵਿਸ਼ਾਲ ਪੱਥਰੀਲੀ ਸਿੱਲਾਂ ਨੂੰ ਜਾਂ ਤਾਂ ਬਰੂਦ ਉਖਾੜ ਸਕਦਾ ਸੀ ਜਾਂ ਫਿਰ ਭੁਚਾਲ।

ਹਰੀ ਪਰਬਤ, ਸ੍ਰੀਨਗਰ, ਸਿੱਖ ਰਾਜ ਦਾ ਕਿਲਾ।



ਖੈਰ ਗੁਰੂ ਸਾਹਿਬ ਦੇ ਇਥੇ ਆਉਣਾ ਸਾਬਤ ਕਰਦਾ ਹੈ ਕਿ ਹਿੰਦੂਮਤ ਦੀ ਅਜੇ ਵੀ ਇਸ ਇਲਾਕੇ ਵਿਚ ਹੈਸੀਅਤ ਬਣੀ ਸੀ। ਇਥੇ ਵੀ ਲਗਦਾ ਹੈ ਕਿ ਗੁਰੂ ਸਾਹਿਬ ਨੇ ਬ੍ਰਾਹਮਣਾਂ ਨੂੰ ਹੀ ਸੰਬੋਧਨ ਕੀਤਾ। ਇਹ ਬਾਦ ਕਿਸੇ ਵੇਲੇ ਬ੍ਰਾਹਮਣ ਵੱਡੀ ਗਿਣਤੀ ਵਿਚ ਇਸਲਾਮ ਧਾਰਨ ਕਰ ਗਏ। ਅਵੰਤੀਪੁਰਾ ਵਿਖੇ ਵੀ ਗੁਰੂ ਸਾਹਿਬ ਦੀ ਆਮਦ ਦੀ ਯਾਦਗਾਰ ਦੇ ਰੂਪ ਵਿਚ ਗੁਰਦੁਆਰਾ ਸਾਹਿਬ ਮੌਜੂਦ ਹੈ। ਅੰਦਾਜ਼ਾ ਹੈ ਕਿ ਬਾਬਾ ਸ੍ਰੀ ਚੰਦ ਜੀ ਨੇ ਇਥੇ ਵੀ ਫੇਰੀ ਪਾਈ ਸੀ।

----◈-----

## ਸ੍ਰੀ ਨਗਰ ਵਿਚ ਸ੍ਰੀ ਬਾਬਾ

ਅਵੰਤੀਪੁਰਾ ਤੋਂ 30 ਕਿ. ਮੀ. ਦਾ ਪੈਡਾ ਕਰਕੇ ਗੁਰੂ ਸਾਹਿਬ ਸ੍ਰੀ ਨਗਰ ਪਹੁੰਚੇ। ਜਦੋਂ ਸ੍ਰੀਨਗਰ ਗੁਰੂ ਸਾਹਿਬ ਪਹੁੰਚੇ ਤਾਂ ਇਨਾਂ ਦਾ ਪਹਿਰਾਵਾ ਅਜੀਬ ਸੀ। ਪੁੱਠੀ ਖੱਲ ਦਾ ਕੋਟ ਪਾਇਆ ਸੀ। ਲੱਕ ਦੁਆਲੇ ਰੱਸੇ ਲਵੇਟੇ ਹੋਏ ਸਨ। ਮੱਥੇ ਤੇ ਕੇਸਰ ਦਾ ਤਿਲਕ




ਉਦਾਸੀ ਆਸ਼ਰਮ ਸ੍ਰੀ ਨਗਰ। ਬਾਬਾ ਸ੍ਰੀ ਚੰਦ ਦੇ ਉਦਾਸੀ ਮੱਠਾ ਨੂੰ ਹੌਲੀ ਹੌਲੀ ਸਿੱਖੀ ਤੋਂ ਪਰੇ ਕਰ ਦਿਤਾ ਜਾ ਰਿਹਾ ਹੈ।

ਜਿਹਾ ਸੀ। ਕੁਝ ਸਾਧੂਆਂ ਨੇ ਗੁਰੂ ਸਾਹਿਬ ਦੀ ਪਛਾਣ ਦੱਸ ਦਿੱਤੀ ਕਿ ਇਹੋ ਹਨ ਗੁਰੂ ਬਾਬਾ ਨਾਨਕ। ਪ੍ਰਸਿੱਧ ਮੰਦਰਾਂ ਤੇ ਧਾਰਮਿਕ ਮੁੱਖੀਆਂ ਤਕ ਗੁਰੂ ਸਾਹਿਬ ਦੀ ਉਪਮਾ ਪਹਿਲਾਂ ਹੀ ਪਹੁੰਚ ਚੁੱਕੀ ਸੀ। ਬ੍ਰਾਹਮਣ ਲੋਕ ਗੁਰੂ ਸਾਹਿਬ ਨੂੰ ਹਿੰਦੂ ਧਰਮ ਰਖਿਅਕ ਸਮਝਦੇ ਸਨ ਕਿਉਕਿ ਸਾਹਿਬ ਨੇ ਕਈ ਥਾਂਈ ਮੁਸਲਮਾਨ ਹੁਕਮਰਾਨਾਂ ਨੂੰ ਮਜ੍ਹਬੀ ਕੱਟੜਵਾਦ ਅਤੇ ਪੱਖਪਾਤ ਤੋਂ ਵਰਜਿਆ ਸੀ।

ਜਿਵੇ ਕਿ ਉਨਾਂ ਦੀ ਹਰ ਥਾਂ ਪਹੁੰਚ ਹੁੰਦੀ ਸੀ ਉਹ ਇਲਾਕੇ ਦੇ ਹੁਕਮਰਾਨ ਨੂੰ ਮਿਲਦੇ ਤੇ ਫਿਰ ਧਾਰਮਿਕ ਲੀਡਰਾਂ ਨੂੰ। ਇਥੇ ਵੀ ਗੁਰੂ ਸਾਹਿਬ ਕਸ਼ਮੀਰ ਦੇ ਰਾਜੇ ਨੂੰ ਮਿਲੇ।

ਪਰ ਜਿਵੇ ਹੀ ਬ੍ਰਾਹਮਣ ਮੁਖੀਆਂ ਨੇ ਗੁਰੂ ਸਾਹਿਬ ਦਾ ਪਹਿਰਾਵਾ ਵੇਖਿਆ ਤਾਂ ਨਫਰਤ ਨਾਲ ਭਰ ਗਏ। "ਇਹ ਚੰਗਾ ਸਾਧੂ ਹੈ ਜਿਸ ਨੇ ਚੰਮ ਪਾਇਆ ਹੋਇਆ ਹੈ?"ਦੂਸਰੇ ਪਾਸੇ ਮੁਸਲਮਾਨ ਹੈਰਾਨ ਸਨ ਕਿ ਕੀ ਕੋਈ ਮੁਸਲਮਾਨ ਫਕੀਰ ਕੇਸਰ ਦਾ ਤਿਲਕ ਲਾਏਗਾ? ਗੁਰੂ ਸਾਹਿਬ ਬਜਾਰ ਵਿਚ ਦੀ ਚਲਦੇ ਹੋਏ ਹਰੀ ਪਰਬਤ ਨੂੰ ਜਾ ਰਹੇ ਸਨ। ਮਗਰ ਵਿਦਵਾਨਾਂ ਤੇ ਤਮਾਸ਼ਬੀਨਾਂ ਦੀ ਭੀੜ ਚਲ ਰਹੀ ਸੀ। ਵੇਖਾ ਵੇਖੀ ਕਈ ਲੋਕ ਨਮਸਕਾਰ ਜਾਂ



ਸ੍ਰੀ ਗੁਰੂ ਨਾਨਕ ਚਰਨ ਅਸਥਾਨ ਬੀਰਵ੍ਹਾ

ਸਲਾਮ ਵੀ ਕਰ ਰਹੇ ਸਨ।

ਓਨੀ ਦਿਨੀ ਹਰੀ ਪਰਬਤ ਤੇ ਜੋਗੀਆਂ ਦਾ ਆਸਣ ਹੁੰਦਾ ਸੀ। ਓਥੇ ਹੀ ਕਿਤੇ ਗੁਰੂ ਸਾਹਿਬ ਨੇ ਵੀ ਡੇਰਾ ਜਮਾ ਲਿਆ। ਜਗਿਆਸੂਆਂ ਦੀ ਭੀੜ ਵੀ ਮਗਰ ਹੀ ਓਥੇ ਪਹੁੰਚ ਗਈ। ਹਰ ਕੋਈ ਇਸ ਬਚਿੱਤ੍ਰ ਸਾਧੂ ਦੇ ਬਚਨ ਸੁਣਨਾ ਚਾਹੁੰਦਾ ਸੀ ਕਿ ਅਜਿਹਾ ਭੇਸ ਇਸ ਨੇ ਕਿਓ ਬਣਾਇਆ ਹੋਇਆ ਹੈ।

ਇਤਹਾਸ 'ਚ ਆਉਦਾ ਹੈ ਕਿ ਇਸ ਵੇਲੇ ਜਦੋਂ ਚਰਚਾ ਚਲਦੀ ਤਾਂ ਲੋਕ ਸਮਾਂ ਭੁੱਲ ਜਾਂਦੇ। ਦੋ ਤਿੰਨ ਦਿਨ ਤਕ ਟਿਕ ਟਿਕੀ ਲਾ ਗੁਰੂ ਸਾਹਿਬ ਨੂੰ ਲੋਕ ਸੁਣਦੇ ਰਹੇ। ਵਿਦਵਾਨ ਸਵਾਲ ਤੇ ਸਵਾਲ ਕਰ ਰਹੇ ਸਨ। ਨਾਲ ਹੀ ਕਈ ਵਾਰ ਗੁਰੂ ਸਾਹਿਬ ਅਗਲੇ ਦੇ ਸਵਾਲਾਂ ਦਾ ਜਵਾਬ ਕੀਰਤਨ ਵਿਚ ਦਿੰਦੇ। ਮਰਦਾਨੇ ਦੀ ਰਬਾਬ ਨੇ ਰੰਗ ਬੰਨਿਆ ਸੀ।

ਹਰ ਪ੍ਰਕਾਰ ਦੇ ਸਵਾਲ ਜਵਾਬ ਹੋ ਰਹੇ ਸਨ:-

ਧਰਤੀ ਕਾਹਦੇ ਆਸਰੇ ਖੜੀ ਹੈ? ਕੁਝ ਲੋਕ ਸੁਖੀ ਹਨ ਕੁਝ ਦੁਖੀ? ਰੱਬ ਦੁੱਖ ਕਿਓ ਦਿੰਦਾ ਹੈ? ਰੱਬ ਕਿਥੇ ਰਹਿੰਦੈ? ਬੰਦੇ ਨੂੰ ਵਿਆਹ ਕਰਨਾਂ ਚਾਹੀਦਾ ਕਿ ਨਹੀ? ਮਰਨ ਬਾਦ ਬੰਦਾ ਕਿਥੇ ਜਾਂਦਾ ਹੈ? ਆਦਿ ਆਦਿ..?

ਜਵਾਬ ਨਾਲੋ ਨਾਲ ਮਿਲ ਰਹੇ ਸਨ ਤੇ ਉਹ ਵੀ ਤਰੰਨਮ ਵਿਚ:

ਮਹਲਾ ੧ ॥ ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ ॥ ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ ॥੨॥ ਪਉੜੀ ॥ ਆਪੀਨੈ੍ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥ ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥ ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥ ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥ ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥ ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥੧॥

ਰੀਂਗਾਬਲ ਝੀਲ ਤੋਂ ਹਰਮੁਖ ਪਰਬਤ ਦਾ ਦ੍ਰਿਸ਼। ਅੱਜ ਇਥੇ ਕੋਈ ਮੱਠ ਮੰਦਰ ਵਗੈਰਾ ਦਾ ਨਿਸ਼ਾਨ ਜਾਂ ਖੰਡਰ ਨਹੀ ਹੈ।



ਕਿਹਾ ਜਾਂਦਾ ਕਿ ਬਹੁਤ ਸਾਰੀ ਬਾਣੀ ਇਥੇ ਕਹੀ ਗਈ।

ਉਸ ਵੇਲੇ ਜਿਨ੍ਹਾਂ ਧਾਰਮਿਕ ਵਿਅੱਕਤੀਆਂ ਦੀ ਚੜ੍ਹਤ ਸੀ ਉਹ ਸ਼ੰਕਰ ਅਚਾਰੀਆ ਮੰਦਰ ਤੇ ਹਰੀ ਪਰਬਤ ਤੇ ਬਿਰਾਜੇ। ਇਥੇ ਸ੍ਰੀ ਨਗਰ ਵਿਚ ਵੀ ਗੁਰੂ ਸਾਹਿਬ ਨੇ ਸਿੱਖ ਸੰਗਤ ਖੜੀ ਕੀਤੀ ਸੀ ਪਰ ਜਿਵੇ ਕਿ ਕਈ ਥਾਂਈ ਹੋਇਆ, ਇਥੇ ਬਾਬਾ ਸ੍ਰੀ ਚੰਦ ਦੇ ਉਦਾਸੀਆਂ ਦੀ ਆਵਾਜਾਈ ਬਣੀ ਰਹੀ ਜਿਸ ਕਰਕੇ ਇਥੋਂ ਦੀ ਸੰਗਤ ਸਿੱਖੀ ਦੀ ਮੁੱਖ ਧਾਰਾ ਤੋਂ ਹੌਲੀ ਹੌਲੀ ਲਾਂਭੇ ਹੋ ਗਈ। ਸ੍ਰੀ ਨਗਰ ਦੇ ਸ੍ਰੀ ਚੰਦੀਏ ਉਦਾਸੀਆਂ ਵਿਚੋਂ ਪੰਡਤ ਪ੍ਰਸ਼ੋਤਮ ਦਾਸ ਕੌਲ ਤੇ ਮਹਾਤਮਾ ਅਬਿਨਾਸ਼ੀ ਮੁਨੀ ਦਾ ਨਾਂ ਸਭ ਤੋਂ ਉਪਰ ਆਉਦਾ ਹੈ। ਯਾਦ ਰਹੇ ਸ੍ਰੀ ਚੰਦ ਦੇ ਉਦਾਸੀ ਸਾਧੂ ਆਪਣੇ ਸ਼ਰਧਾਲੂਆਂ ਦਾ ਧਰਮ ਪ੍ਰੀਵਰਤਨ ਨਹੀ ਸਨ ਕਰਦੇ ਭਾਵ ਹਿੰਦੂ ਧਰਮ ਦੇ ਅਸੂਲਾਂ ਜਿਵੇ ਜਾਤ ਪਾਤ, ਮੂਰਤੀ ਪੂਜਾ, ਸਗਨ ਅਪਸਗਨ, ਕਰਮ ਕਾਂਡ ਅਤੇ ਹੋਰ ਹਿੰਦੂ ਪੂਜਾ ਪੱਦਤੀਆਂ ਨੂੰ ਮੰਨਦੇ ਰਹਿੰਦੇ ਜਿਸ ਕਾਰਨ ਉਨਾਂ ਦੀਆਂ ਸੰਗਤਾਂ ਮੌਕੇ ਆਉਣ ਤੇ ਵਾਪਸ ਹਿੰਦੂ ਧਰਮ ਵਿਚ ਜ਼ਜ਼ਬ ਹੋ ਜਾਂਦੀਆਂ ਹਨ। ਇਹੋ ਕਾਰਨ ਹੈ ਸ੍ਰੀ ਨਗਰ ਵਿਚ ਬਾਬਾ ਜੀ ਦੀ ਯਾਦਗਾਰ ਤਾਂ ਨਾਂ ਬਚ ਸਕੀ ਪਰ ਇਥੇ ਬਾਬਾ ਸ੍ਰੀ ਚੰਦ ਦਾ ਮੰਦਰ ਜਰੂਰ ਹੈ। ◈

ਸ੍ਰੀ ਨਗਰ ਨੂੰ ਸਰਬਵਿਆਪਕ ਨਿਰੰਕਾਰ ਦੇ ਨਾਮ ਦਾ ਸੁਨੇਹਾ ਦੇਣ ਉਪਰੰਤ ਗੁਰੂ ਸਾਹਿਬ ਬਡਗਾਮ ਵਲ 27 ਕਿ. ਮੀ ਦਾ ਸਫਰ ਕਰਕੇ ਬੀਰਵਾ ਪਹੁੰਚੇ। ਬੀਰਵਾ ਦੀ ਇਤਹਾਸਿਕ ਮਹੱਤਤਾ ਦਾ ਇਸ ਗਲ ਤੋਂ ਅੰਦਾਜ਼ਾ ਲਗ ਜਾਂਦਾ ਹੈ ਕਿ ਕਸ਼ਮੀਰ ਦੇ ਗਵਰਨਰ ਲਾਲ ਮੁਹੰਮਦ ਖੱਟਕ ਨੇ ਸੰਨ 1766 ਵਿਚ ਇਥੇ ਇਕ ਕਿਲਾ ਤਾਮੀਰ ਕਰਵਾਇਆ ਸੀ। ਅੰਦਾਜ਼ਾ ਹੈ ਕਿ ਇਥੇ ਵੀ ਓਨੀ ਦਿਨੀ ਕਸ਼ਮੀਰੀ ਪੰਡਤਾਂ ਦੀ ਚੋਖੀ ਅਬਾਦੀ ਹੋਵੇਗੀ।

ਇਥੇ ਜਿਥੇ ਗੁਰੂ ਸਾਹਿਬ ਨੇ ਚਰਨ ਪਾਏ ਗੁਰਸਿੱਖਾਂ ਨੇ ਗੁਰਧਾਮ ਤਾਮੀਰ ਕੀਤਾ ਹੋਇਆ ਸੀ ਜੋ 1948 ਦੇ ਹੜਾਂ ਨੇ ਰੋੜ੍ਹ ਖੜਿਆ। ਬਾਦ 1975 ਵਿਚ ਸਿੱਖਾਂ ਨੇ ਸ਼ਾਨਦਾਰ ਗੁਰਅਸਥਾਨ ਓਸੇ ਪਹਿਲੀ ਥਾਂ ਭਾਵ ਸੁਖ ਨਾਲਾ ਦੇ ਕੰਢੇ ਬਣਾ ਲਿਆ।

ਗੁਰੂ ਸਾਹਿਬ ਸ੍ਰੀਨਗਰ ਤੋਂ ਹੀ ਹਰਮੁੱਖ ਗੰਗਾ ਪਹੁੰਚੇ ਹੋਣਗੇ। ਤੇ ਹੋ ਸਕਦੈ ਵਾਪਸ ਵੀ ਸ੍ਰੀ ਨਗਰ, ਬੀਰਵਾ ਹੁੰਦੇ ਹੋਏ ਬਾਰਾਮੂਲਾ, ਸੋਪੋਰ, ਤੇ ਜਿਥੇ ਅਜਕਲ ਕੁਪਵਾੜਾ ਹੈ ਇਧਰੋਂ ਹੁੰਦੇ ਹੋਏ ਸਾਰਦਾ (ਜਾਂ ਸ਼ਾਰਦਾ) ਸ਼ਕਤੀਪੀਠ ਪਹੁੰਚੇ ਹੋਣਗੇ। ਉਂਜ ਸਿੱਖ ਇਤਹਾਸ ਵਿਚ ਸ਼ਾਰਦਾ ਜਾਣਾ ਕਿੱਤੇ ਤਸਦੀਕ ਨਹੀ ਹੁੰਦਾ।

ਸ੍ਰੀ ਨਗਰ ਤੋਂ ਹੀ 16 ਕਿ. ਮੀ. ਉੱਤਰ ਪੂਰਬ ਵਿਚ ਹਰਵਾਨ ਬਾਗ (ਜਾਂ ਨੇੜੇ ਤੇੜੇ) ਗੁਰੂ ਸਾਹਿਬ ਨੇ ਚਨਾਰ ਦੇ ਰੁੱਖਾਂ ਵਿਚ ਮਿੱਠੇ ਜਲ ਦਾ ਚਸ਼ਮਾ ਜਾਰੀ ਕੀਤਾ ਸੀ। ਉਹ ਚਸ਼ਮਾ 1932 ਤਕ ਜਾਰੀ ਸੀ ਪਰ ਚਨਾਰ ਦਾ ਰੁਖ ਡਿੱਗ ਚੁੱਕਾ ਸੀ। ਸਾਈਕਲ ਯਾਤਰੀ ਨੇ ਲਿਖਿਆ ਹੈ ਕਿ ਕਿਉਕਿ ਇਥੇ ਸ਼ਰਧਾਲੂ ਘੱਟ ਪਹੁੰਚਦੇ ਨੇ ਇਸ ਕਰਕੇ ਸਿੱਖਾਂ ਨੇ ਪ੍ਰਵਾਹ ਨਾਂ ਕੀਤੀ ਕਿ ਇਥੇ ਯਾਦਗਾਰ ਬਣਾਈ ਜਾਏ ਜਿਸ ਕਰਕੇ ਹੌਲੀ ਹੌਲੀ ਇਹ ਥਾਂ ਹੁਣ



ਜਦੋਂ ਆਜੜੀ ਨੇ ਬਾਬੇ ਮਰਦਾਨੇ ਨੂੰ ਲਗਾਤਾਰ ਦੋ ਦਿਨ ਬਾਹਰ ਬੈਠਿਆਂ ਦੇਖਿਆ ਤਾਂ ਕਹਿੰਦਾ, "ਮੈਨੂੰ ਤਾਂ ਤੁਸੀ ਕੋਈ ਚੋਰ ਡਾਕੂ ਲਗਦੇ ਹੋ। ਬੀ:40 ਤਸਵੀਰ। (ਕਸ਼ਮੀਰ ਵਿਚ ਬਾਬਾ)

ਸ਼ਾਰਕਾ ਦੇਵੀ ਹਿੰਦੂ ਅਸਥਾਨ ਬਣ ਚੁੱਕਾ ਹੈ ਤੇ ਸਨਾਤਨੀ ਬ੍ਰਾਹਮਣਾਂ ਦੇ ਕਬਜੇ ਵਿਚ ਹੈ।

ਕਸ਼ਮੀਰ ਵਿਚ ਹੀ ਬਾਬਾ ਜੀ ਨੂੰ ਖਬਰ ਮਿਲੀ ਕਿ ਅਫਗਾਨਿਸਤਾਨ ਦਾ ਬਾਦਸ਼ਾਹ ਬਾਬਰ ਪੰਜਾਬ ਦੀਆਂ ਰਿਆਸਤਾਂ ਭੇੜਾ (ਭ੍ਰੇੜਾ) ਖੁਸ਼ਾਬ ਤੇ ਚਿਨੀਓਟ ਗੇੜਾ ਕੱਟ ਗਿਆ ਹੈ◉ ਤੇ ਰਿਆਸਤਾਂ ਕੋਲੋ ਮੋਟੀ ਰਕਮ ਫਿਰੌਤੀ ਦੀ ਲੈ ਕੇ ਗਿਆ ਹੈ। ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਹੁਣ ਮੌਕਾ ਹੈ ਕਿ ਬਾਬਰ ਨੂੰ ਜਾ ਕੇ ਮਿਲਿਆ ਜਾਏ ਤੇ ਦਿੱਲੀ ਨੂੰ ਲੋਧੀ ਖਾਨਦਾਨ ਤੋਂ ਛੁਟਕਾਰਾ ਮਿਲੇ।

ਇਸ ਕਰਕੇ ਗੁਰੂ ਸਾਹਿਬ ਪੂਰਬ ਨੂੰ ਆਪਣੀ ਕਸ਼ਮੀਰ ਦੀ ਯਾਤਰਾ ਵਿਚੇ ਛੱਡ (ਭਾਵ ਪੂਰਬੀ ਕਸ਼ਮੀਰ) ਪੱਛਮ ਨੂੰ ਹੋ ਤੁਰੇ।◘ ਲਗਦੈ ਹੈ ਕਿ ਉਨਾਂ ਨੂੰ ਲਗਾ ਕਿ ਬਾਬਰ ਪੇਸ਼ਾਵਰ ਦੇ ਕਿਤੇ ਨੇੜੇ ਤੇੜੇ ਹੀ ਹੈ। ਏਹੋ ਕਾਰਨ ਹੈ ਕਿ ਕਿਸ਼ਤਵਾੜ, ਭਦਰਵਾਹ, ਜੰਮੂ ਦੇ ਇਲਾਕਿਆਂ ਲਈ ਗੁਰੂ ਸਾਹਿਬ ਦੁਬਾਰਾ ਕਰਤਾਰਪੁਰ ਤੋਂ ਆਏ ਸਨ।◆

----◈-----

## ਜਦੋਂ ਆਜੜੀ ਬਾਬੇ ਮਰਦਾਨੇ ਨੂੰ ਕਹਿੰਦਾ, "ਮੈਨੂੰ ਤਾਂ ਤੁਸੀ ਕੋਈ ਚੋਰ ਉਚੱਕੇ ਲਗਦੇ ਹੋ।"■

ਗੁਰੂ ਸਾਹਿਬ ਬੀਰਵ੍ਹਾ ਤੋਂ ਤੋਸ ਮੈਦਾਨ ਆਏ ਸਨ।

ਇਹ ਘਟਨਾ ਕਸ਼ਮੀਰ ਦੀ ਸਭ ਤੋਂ ਮਸ਼ਹੂਰ ਚਰਾਂਦ ਤੋਸ ਮੈਦਾਨ ਦੀ ਹੈ। ਤੋਸ ਮੈਦਾਨ ਬੀਰਵਾ ਤੋਂ ਪੁੰਛ ਪੀਰ ਪੰਜਾਲ ਪਹਾੜਾਂ ਦੇ ਪੈਰਾਂ ਵਿਚ ਪੈਦਾ ਹੈ। 5 ਕਿ. ਮੀ. ਲੰਮਾ ਤੇ ਢਾਈ ਕਿ. ਮੀ. ਚੌੜਾ ਇਹ ਮੈਦਾਨ ਗਰਮੀਆਂ ਵਿਚ ਇਉ ਲਗਦਾ ਜਿਵੇ ਹਰੇ ਰੰਗ ਦੀ ਦਰੀ ਵਿਛਾਈ ਹੋਵੇ। ਇਸ ਥਾਂ ਗੁਰੂ ਸਾਹਿਬ ਤੇ ਮਰਦਾਨੇ ਨੂੰ ਉਸ ਪਹਾੜੀ ਇਲਾਕੇ ਵਿਚ ਸਿਰ ਲੁਕਾਉਣ ਨੂੰ ਇਕ ਥਾਂ ਮਿਲੀ। ਗੁਰੂ ਸਾਹਿਬ ਓਥੇ ਬਹਿ ਅਕਾਲ ਪੁਰਖ ਦੇ ਸ਼ੁਕਰਾਨੇ ਵਿਚ ਲੀਨ ਹੋ ਗਏ ਤੇ ਮਰਦਾਨਾ ਇਧਰ ਉਧਰ ਖਾਣ ਪੀਣ ਦੀ ਭਾਲ ਲਈ ਨਿਕਲਿਆ।

ਦੂਰ ਇਕ ਹੱਟਾ ਕੱਟਾ ਆਜੜੀ ਭੇਡਾਂ ਬੱਕਰੀਆਂ ਚਾਰ ਰਿਹਾ ਸੀ। ਉਹਦਾ ਧਿਆਨ ਮਰਦਾਨੇ ਵਲ ਪਿਆ ਤੇ ਵੇਖ ਉਸ ਦਾ ਦਿਲ ਸਹਿਮਿਆ ਕਿ ਕਿਤੇ ਕੋਈ ਚੋਰ ਡਾਕੂ ਨਾਂ ਹੋਵੇ।

ਅਗਲੇ ਦਿਨ ਆਜੜੀ ਓਸੇ ਪਹਾੜੀ ਚਰਾਂਦ ਵਿਚ ਆਪਣਾ ਮਾਲ ਲੈ ਕੇ ਫਿਰ ਪਹੁੰਚਿਆ ਤੇ ਕੀ ਵੇਖਦਾ ਹੈ ਕਿ ਦੂਰ ਓਹ ਦੋ ਬੰਦੇ ਅਜੇ ਵੀ ਕਲ੍ਹ ਵਾਲੀ ਥਾਂ ਬੈਠੇ ਹੋਏ ਨੇ। ਹੌਲੀ ਹੌਲੀ ਹਿੰਮਤ ਕਰਕੇ ਉਹ ਗੁਰੂ ਸਾਹਿਬ ਦੇ ਲਾਗੇ ਪਹੁੰਚਿਆ ਤੇ ਨਫਰਤ ਭਰੀ ਨਿਗਾਹ ਨਾਲ ਮਰਦਾਨੇ ਤੇ ਗੁਰੂ ਸਾਹਿਬ ਨੂੰ ਤੱਕਿਆ। ਗੁਰੂ ਸਾਹਿਬ ਨੇ ਉਨ੍ਹਾਂ ਇਸ਼ਾਰਾ ਕੀਤਾ ਕਿ ਅੱਗੇ ਆ ਜਾਓ। ਆਜੜੀ

ਪੈੜ ਸਫ਼ਾ

◈ ਸਾਈਕਲ ਯਾਤਰਾ - 485 ਅਨੁਸਾਰ ਜੋ ਅਮੀਰਾ ਕਦਲ ਵਿਖੇ ਬਾਬਾ ਸ੍ਰੀ ਚੰਦ ਦਾ ਮੰਦਰ ਹੈ ਇਹ ਅਸਲ ਵਿਚ ਗੁਰੂ ਸਾਹਿਬ ਦੇ ਬਿਰਾਜਣ ਦਾ ਅਸਥਾਨ ਹੈ।

**ਹਰਮੁਖ ਪਰਬਤ ਗੰਗਾਬਲ**- ਕੋਹਲੀ- 130 ਨੇ ਲਿਖਿਆ ਹੈ ਕਿ ਗੁਰੂ ਸਾਹਿਬ ਹਰਮੁਖ ਗੰਗਾਬਲ ਵੀ ਗਏ। 16870 ਫੁਟ ਉਚੀ ਹਰਮੁਖ ਚੋਟੀ ਦੇ ਪੈਰਾ ਵਿਚ ਗੰਗਾਬਲ ਨਾਂ ਦੀ ਦੋ ਕਿ. ਮੀ. ਲੰਮੀ ਝੀਲ ਹੈ। ਇਥੇ ਅਬਾਦੀ ਦੇ ਨਾਮੋ ਨਿਸ਼ਾਨ ਨਹੀ ਹਨ। ਸਿਰਫ ਹਿੰਦੂ ਸ਼ਰਧਾਲੂਆਂ ਦੀ ਦੰਦ ਕਥਾ ਮੌਜੂਦ ਹੈ ਕਿ ਹਰਮੁਖ ਪਰਬਤ ਤੇ ਵੀ ਸ਼ਿਵ ਜੀ ਮਹਾਰਾਜ ਰਹਿੰਦੇ ਹਨ। ਅਤੇ ਕਥਾ ਦੱਸੀ ਜਾਂਦੀ ਹੈ ਕਿ ਇਕ ਸਾਧੂ ਨੇ 11 ਵਾਰੀ ਇਸ ਪਰਬਤ ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਤੇ ਹਰ ਵਾਰ ਨਾਕਾਮ ਰਿਹਾ। 12ਵੀ ਵਾਰ ਜਦੋਂ ਉਹ ਕੋਸ਼ਿਸ਼ ਕਰ ਰਿਹਾ ਸੀ ਤਾਂ ਕੀ ਵੇਖਦਾ ਹੈ ਕਿ ਇਕ ਗੁੱਜਰ ਪਹਾੜ ਤੋਂ ਉਤਰ ਰਿਹਾ ਹੈ। ਉਸ ਨੇ ਗੁੱਜਰ ਨਾਲ ਗਲ ਬਾਤ ਕੀਤੀ। ਗੁੱਜਰ ਕਹਿਣ ਲੱਗਾ ਕਿ ਮੇਰੇ ਡੰਗਰ ਗਵਾਚ ਗਏ ਸੀ ਓਨਾਂ ਨੂੰ ਲਭਦਾ ਲਭਦਾ ਮੈਂ ਉਤੇ ਤਕ ਚਲਾ ਗਿਆ। ਪਹਾੜ ਤੇ ਜਾ ਕੇ ਮੈਂ ਕੀ ਵੇਖਿਆ ਕਿ ਇਕ ਪਤੀ ਪਤਨੀ ਦਾ ਜੋੜਾ ਗਾਂ ਦਾ ਦੁੱਧ ਮਨੁੱਖੀ ਖੋਪਰੀ ਵਿਚ ਚੋਅ ਕੇ ਪੀਂਦੇ ਨੇ ਤੇ ਬਾਕੀ ਚੱਟਾਨ ਤੇ ਡੋਲ ਦਿੰਦੇ ਨੇ।

ਸਾਧੂ ਨੇ ਗੁੱਜਰ ਨੂੰ ਕਿਹਾ ਕਿ ਮੈਨੂੰ ਉਸ ਥਾਂ ਤਕ ਲੈ ਚਲ ਜਿਥੇ ਉਨਾਂ ਦੁੱਧ ਡੋਲਿਆ ਸੀ। ਅਖੇ ਸਾਧੂ ਨੇ ਉਸ ਸਥਾਨ ਤੇ ਪਹੁੰਚ, ਚਟਾਨ ਨੂੰ ਚੱਟਿਆ ਜਿਸ ਥਾਂ ਦੁੱਧ ਡੁੱਲਾ ਸੀ ਤੇ ਸਾਧੂ ਦਾ ਇਸ ਪ੍ਰਕਾਰ ਉਧਾਰ ਹੋ ਗਿਆ ਕਿਉਕਿ ਉਹ ਜੋੜਾ ਖੁੱਦ ਸ਼ਿਵ ਜੀ ਤੇ ਪਾਰਬਤੀ ਸਨ।

ਕਿਉਕਿ ਹਰਮੁਖ ਪਰਬਤ ਤੇ ਕੋਈ ਜੋਗੀ ਮੱਠ ਜਾਂ ਵਿਹਾਰ ਦੇ ਨਿਸ਼ਾਨ ਨਹੀ ਹਨ ਇਸ ਕਰਕੇ ਅਸੀ ਕੋਹਲੀ ਨਾਲ ਸਹਿਮਤ ਨਹੀ ਹਾਂ ਕਿ ਗੁਰੂ ਸਾਹਿਬ ਐਨਾ ਲੰਮਾ ਪੈਂਡਾ (ਸ੍ਰੀ ਨਗਰ ਤੋਂ 60 ਕਿ. ਮੀ.) ਕਰਕੇ ਗਏ ਹੋਣਗੇ। ਫਿਰ ਵੀ ਜਰੂਰਤ ਹੈ ਸਥਾਨਕ ਗੁਰਸਿੱਖ ਇਸ ਮਸਲੇ ਤੇ ਪੁੱਛ ਪੜਤਾਲ ਕਰ ਲੈਣ। ਕਿਉਕਿ ਕੋਹਲੀ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਚਿਨਾਰ ਦੇ ਰੁੱਖ ਥੱਲੇ ਬੈਠੇ ਸਨ। ਅਖੇ ਉਹ ਰੁੱਖ ਅੱਜ ਵੀ ਹੈ। ਉਂਜ ਵੀ ਠੰਡੇ ਇਲਾਕੇ ਵਿਚ ਰੁੱਖ ਥੱਲੇ ਬਹਿਣ ਵਾਲੀ ਗਲ ਕੁਝ ਜਿਆਦਾ ਜੱਚਦੀ ਨਹੀ। ਭਰ ਗਰਮੀ ਵੇਲੇ ਵੀ ਇਸ ਇਲਾਕੇ ਦਾ ਤਾਪਮਾਨ 30* ਤੋਂ ਉਤੇ ਨਹੀ ਜਾਂਦਾ। ਨਾਲੇ ਕਈ ਥਾਂਈ ਦੇਖਿਆ ਗਇਆ ਹੈ ਕੋਹਲੀ ਮਨਘੜਤ ਗੱਲਾਂ ਵੀ ਅਕਸਰ ਲਿਖ ਦਿੰਦੇ ਨੇ।

**ਕਸ਼ਮੀਰ ਤੋਂ ਹੀ ਕਾਬਲ**– ◘ ਪ੍ਰਸਿੱਧ ਇਤਹਾਸਕਾਰ ਫੌਜਾ ਸਿੰਘ ਤੇ ਕਿਰਪਾਲ ਸਿੰਘ ਹੁਰਾਂ ਨੇ ਵੀ ਮੰਨਿਆ ਹੈ ਕਿ ਗੁਰੂ ਸਾਹਿਬ ਸ੍ਰੀਨਗਰ ਤੋਂ ਪੱਛਮ ਨੂੰ ਹੋ ਗਏ ਸਨ। ਪਰ ਇਨਾਂ ਵਿਦਵਾਨਾਂ ਨੇ ਇਹ ਨਾਂ ਦੱਸਿਆ ਕਿ ਕੀ ਕਾਰਣ ਬਣਿਆ ਭਦਰਵਾਹ ਜਾਣ ਦੇ ਬਿਜਾਏ ਗੁਰੂ ਸਾਹਿਬ ਪੰਜਾ ਸਾਹਿਬ ਨੂੰ ਗਏ। (ਵੇਖੋ ਐਟਲਸ ਗੁਰੂ ਨਾਨਕ ਦੇਵ ਜੀ ਦੇ ਸਫਰ)

◘ ਮਨੀ ਸਿੰਘ -428 ਨੇ ਵੀ ਲਿਖਿਆ ਹੈ ਕਿ ਗੁਰੂ ਸਾਹਿਬ ਕਸ਼ਮੀਰ ਤੋਂ ਪਿਸ਼ਾਵਰ ਨੂੰ ਗਏ।

◘ H.A. Rose page 678 also says that Guru sahib proceeded towards Punja sahib from Kashmir

◆ ਸੋਢੀ -470 ਅਨੁਸਾਰ ਉਤਰ ਦੀ ਯਾਤਰਾ ਸਿਰਫ ਇਕ ਸਾਲ ਚਲੀ। ਨਾਲੇ ਸੋਢੀ ਨੇ ਇਹ ਵੀ ਲਿਖ ਦਿਤਾ ਕਿ ਸਾਹਿਬ ਸੈਦ ਪੁਰ ਤੋਂ ਹੀ ਟਿੱਲਾ ਜੋਗੀਆਂ ਗਏ। (ਹਿਮਾਚਲ, ਕਸ਼ਮੀਰ ਅਤੇ ਹਸਨ ਅਬਦਾਲ, ਕਾਬਲ ਦੀ ਯਾਤਰਾ ਨੂੰ ਇਕ ਸਾਲ ਵਿਚ ਪੂਰਾ ਕਰਨਾ ਸੰਭਵ ਨਹੀ ਲਗਦਾ। ਇਸ ਕਰਕੇ ਇਹ ਮੰਨਣ ਯੋਗ ਨਹੀ ਹੈ।)

■ ਬੀ:40- 125 ਅਤੇ ਸਾਈਕਲ ਯਾਤਰੀ - 510.

ਕੋਲ ਗਿਆ ਕੋਈ ਸਲਾਮ /ਨਮਸਕਾਰ ਨਾਂ ਕੀਤੀ ਤੇ ਡਿਬਰ ਡਿਬਰ ਵੇਖੀ ਜਾਵੇ।

ਹਾਰ ਕੇ ਬੋਲ ਪਿਆ, "ਤੁਸੀ ਕੌਣ ਹੋ ਜੋ ਇਥੇ ਉਜਾੜ ਵਿਚ ਲੁੱਕੇ ਬੈਠੇ ਹੋ?"

ਗੁਰੂ ਸਾਹਿਬ ਨੇ ਕਿਹਾ, "ਤੈਨੂੰ ਕੀ ਲਗਦਾ ਕਿ ਅਸੀ ਕੌਣ ਹਾਂ?"

ਅਯਾਲੀ ਕਹਿੰਦਾ "ਸੱਚ ਪੁੱਛੋ ਤਾਂ ਮੈਨੂੰ ਤੁਸੀ ਕੋਈ ਚੋਰ, ਡਾਕੂ, ਬਟਵਾੜੇ ਲਗਦੇ ਹੋ ਤੇ ਭੇਸ ਤੁਸਾਂ ਕੁਝ ਕੁਝ ਸਾਧਾਂ ਵਾਲਾ ਬਣਾਇਆਂ ਹੋਇਆ ਹੈ। ਪਰ ਜੇ ਤੁਸੀ ਸਾਧੂ ਫਕੀਰ ਹੁੰਦੇ ਤਾਂ ਬਸਤੀ ਵਿਚ ਜਾਂਦੇ। ਇਥੇ ਨਾਂ ਰਾਤ ਗੁਜਾਰਦੇ।"

ਗੁਰੂ ਸਾਹਿਬ ਨੇ ਕਿਹਾ ਤੇ ਭਾਈ ਤੂੰ ਆਪ ਕੌਣ ਹੈ?

ਇਆਲੀ ਕਹਿੰਦਾ ਮੈਂ ਬੱਕਰਵਾਲ ਹਾਂ। ਭੇਡਾਂ ਬੱਕਰੀਆਂ ਦਾ ਰਖਵਾਲਾ ਹਾਂ।

ਗੁਰੂ ਸਾਹਿਬ ਨੇ ਕਿਹਾ ਭਾਈ ਤੈਨੂੰ ਤਾਂ ਆਪਣੇ ਮਾਲ ਦੀ ਖਬਰ ਨਹੀ, ਤੂੰ ਸਾਨੂੰ ਕਿਥੋਂ ਸਮਝੇਗਾ। ਜਾ ਪਹਿਲਾਂ ਆਪਣਾ ਮਾਲ ਡੰਗਰ ਸਾਂਭ।




ਤੋਸਮੈਦਾਨ -ਖਾਲਸਾ ਫੌਜ ਦੀ ਨਿਗਾਹ ਚੌਕੀ ਜਿਸ ਨੂੰ ਸਾਈਕਲ ਯਾਤਰੀ ਨੇ ਕਿਤੇ ਦਮਦਮਾ ਸਾਹਿਬ ਲਿਖਿਆ ਕਿਤੇ ਗੁਰਦੁਆਰਾ ਪਹਿਲੀ ਪਾਤਸ਼ਾਹੀ । ਯਾਤਰੀ ਦੁਆਰਾ 1932 ਈ. ਵਿਚ ਲਈ ਗਈ ਤਸਵੀਰ।

ਸੋ ਬਕਰਵਾਲ ਨੂੰ ਹੋਸ਼ ਆਈ ਜੋ ਮਾਲ ਸੁੰਞਾ ਛੱਡ ਕੇ ਦੂਰ ਨਿਕਲ ਆਇਆ ਸੀ । ਵਾਪਸ ਉਸ ਪਾਸੇ ਦੌੜਿਆ ਜਿਥੇ ਭੇਡਾਂ ਬੱਕਰੀਆਂ ਚਰਦੇ ਛੱਡ ਗਿਆ ਸੀ। ਦੂਰ ਦੂਰ ਵੇਖੇ ਕਿਤੇ ਕੋਈ ਜਾਨਵਰ ਨਜਰ ਨਹੀ ਸੀ ਆ ਰਿਹਾ। ਘਬਰਾਹਟ ਵਿਚ ਉਸ ਸਾਰੀ ਚਰਾਂਦ ਗਾਹ ਮਾਰੀ। ਜਾਨਵਰਾਂ ਦਾ ਕਿਤੇ ਕੋਈ ਖੋਜ ਖੁਰਾ ਨਹੀ ਸੀ ਮਿਲ ਰਿਹਾ ਕਿ ਕਿਧਰ ਗਏ। ਲੱਭਦੇ ਲੱਭਦੇ ਸ਼ਾਮ ਹੋ ਗਈ। ਮੇਰਾ ਸਾਰਾ ਇੱਜੜ ਗਵਾਚ ਗਿਆ ਹੈ। ਹੋ ਸਕਦੈ ਕਿ ਬਘਿਆੜ ਪੈ ਗਿਆ ਹੋਵੇ ਤੇ ਡਰਦਾ ਸਾਰਾ ਇੱਜੜ ਕਿਤੇ ਦੌੜ ਗਿਆ ਹੈ। ਆਜੜੀ ਸੋਚ ਰਿਹਾ ਸੀ ਕਿ ਜਾਨਵਰਾਂ ਦੇ ਮਾਲਕਾਂ ਨੇ ਸਾਡਾ ਜੀਣਾਂ ਹਰਾਮ ਕਰ ਦੇਣਾ ਜੇ ਇੱਜੜ ਨਾਂ ਮਿਲਿਆ ਤਾਂ।

ਆਜੜੀਆਂ ਦਾ ਪਿੰਡ ਵੀ ਵਾਹਵਾ ਹੱਟਵਾਂ ਸੀ। ਪਿੰਡ ਗਇਆ ਤੇ ਜਾਨਵਰਾਂ ਦੇ ਗਵਾਚਣ ਦੀ ਗਲ ਇੱਜੜ ਦੇ ਮਾਲਕਾਂ ਨੂੰ ਦੱਸੀ।

ਇੱਜੜ ਦੇ ਮਾਲਕਾਂ ਜਦੋਂ ਸਾਰੀ ਗਲ ਸੁਣੀ ਤਾਂ ਸਿਆਣਿਆ ਸੋਚਿਆ ਕਿ ਕਿਤੇ ਉਹਨਾਂ ਫਕੀਰਾਂ ਦੀ ਹੀ ਕਰਾਮਾਤ ਨਾਂ ਹੋਵੇ ਜਿੰਨਾਂ ਤੇ ਆਜੜੀ ਨੇ ਸ਼ੱਕ ਕੀਤਾ ਸੀ।

ਅਗਲੇ ਦਿਨ ਇੱਜੜਾਂ ਦੇ ਮਾਲਕ ਤੇ ਆਜੜੀ ਇਕੱਠੇ ਹੋ ਪਹਿਲਾਂ ਗੁਰੂ ਸਾਹਿਬ ਦੇ ਡੇਰੇ ਤੇ ਆਏ ਤੇ ਆ ਕੇ ਮੱਥਾ ਟੇਕਿਆ। ਮਰਦਾਨੇ ਨੇ ਕਿਹਾ ਕਿ ਕਿਓ ਭਾਈ ਬਕਰਵਾਨੋ ਖੈਰ ਤਾਂ ਹੈ?

ਆਜੜੀ ਬੋਲੇ ਕਿ ਮਹਾਤਮਾ ਜੀ ਸਾਡੇ ਮੁੰਡਿਆਂ ਕੋਲੋਂ ਗਲਤੀ ਹੋ ਗਈ ਹੈ ਜਿੰਨਾਂ ਤੁਹਾਨੂੰ ਸ਼ੱਕ ਦੀ ਨਿਗਾਹ ਨਾਲ ਵੇਖਿਆ। ਸਾਡੇ ਤੇ ਤਰਸ ਕਰੋ ਕਿ ਸਾਡਾ ਮਾਲ ਮਿਲ ਜਾਵੇ। ਗੁਰੂ ਸਾਹਿਬ ਨੇ ਹੌਸਲਾ ਦਿਤਾ ਕਿ ਚਲੋ ਕੋਈ ਗਲ ਨਹੀ।

ਉਹਨਾਂ ਦੀ ਹਲੀਮੀ ਵੇਖ ਗੁਰੂ ਸਾਹਿਬ ਨੇ ਕਿਹਾ ਕਿ ਜਿਸ ਪਹਾੜੀ ਤੇ ਆਪਾਂ ਬੈਠੇ ਹਾਂ ਇਸ ਦੇ ਪੱਛਮ ਪਾਸੇ 4- 5 ਮੀਲ ਹਟਵਾ ਇਕ ਤਲਾਬ ਹੈ ਓਥੇ ਜਾ ਕੇ ਵੇਖੋ ਕਿਤੇ ਤੁਹਾਡਾ ਇੱਜੜ ਓਥੇ ਨਾਂ ਹੋਵੇ।

ਆਜੜੀ ਜਿਵੇ ਹੀ ਓਥੇ ਪਹੁੰਚੇ ਸਾਰਾ ਇਜੱੜ ਇਕੱਠਾ ਚਰ ਰਿਹਾ ਸੀ। ਇਜੱੜਾਂ ਦੇ ਮਾਲਕਾਂ ਜਦੋਂ ਇੱਜੜ ਨੌ ਬਰ ਨੌ ਚਰਦਾ ਵੇਖਿਆ ਤਾਂ ਉਹਨਾਂ ਦੇ ਸਾਹ ਵਿਚ ਸਾਹ ਆਇਆ। ਆਜੜੀ ਆਪਣਾ ਮਾਲ ਲੈ ਵਾਪਸ ਗੁਰੂ ਸਾਹਿਬ ਕੋਲ ਆਏ ਅਤੇ ਚਰਨੀਂ ਡਿੱਗ ਪਏ। ਜਿਸ ਆਜੜੀ ਨੇ ਰੁੱਖਾਪਣ ਦਿਖਾਇਆ ਸੀ ਬਾਰ ਬਾਰ ਮਾਫੀਆਂ ਮੰਗ ਰਿਹਾ ਸੀ। ਕਈ ਇਤਿਹਾਸਕਾਰਾਂ ਇਸ ਆਜੜੀ ਦਾ ਨਾਂ 'ਹਬਲਾ ਪਾਹਲਾ' ਦੱਸਿਆ ਹੈ।

ਹਬਲਾ ਪਾਹਲਾ ਗੁਰੂ ਸਾਹਿਬ ਦਾ ਪੱਕਾ ਸ਼ਰਧਾਲੂ ਬਣ ਗਿਆ। ਹਬਲਾ ਪਾਹਲਾ ਨੂੰ ਐਨੀ ਚਿੰਤਾ ਹੋਈ ਸੀ ਕਿ ਇਜੜ ਮਿਲਣ ਤੇ ਪਹਿਲਾਂ ਉਸ ਜਿੱਦ ਹੀ ਕਰ ਲਈ ਕਿ ਅੱਗੇ ਤੋਂ ਮੈਂ ਇਜੜ ਨਹੀ ਚਾਰਾਂਗਾ ਤੇ ਮੈਂ ਵੀ ਇਨਾਂ ਸਾਧੂਆਂ ਨਾਲ ਸਾਧੂ ਹੋਣ ਜਾ ਰਿਹਾ ਹਾਂ।

ਗੁਰੂ ਸਾਹਿਬ ਨੇ ਆਜੜੀ ਨੂੰ ਉਪਦੇਸ ਦਿਤਾ ਕਿ ਫਿਕਰ ਚਿੰਤਾਂ

ਕਸ਼ਮੀਰ ਦੇ ਤੋਸਮੈਦਾਨ ਵਿਚ ਚਰਦੀਆਂ ਭੇਡਾਂ



ਤੋਂ ਮੁਕਤੀ ਪਾਉਣ ਲਈ ਤੁਹਾਨੂੰ ਘਰ ਛੱਡ ਸਨਿਆਸੀ ਹੋਣ ਦੀ ਜਰੂਰਤ ਨਹੀ। ਤੁਸੀ ਘਰ ਗ੍ਰਿਹਸਤੀ ਵਿਚ ਰਹਿੰਦਿਆਂ ਚੜ੍ਹਦੀ ਕਲ੍ਹਾ ਵਿਚ ਰਹਿ ਸਕਦੇ ਹੋ। ਬਸ ਨਿਰੰਕਾਰ ਦਾ ਨਾਂ ਜਪੋ, ਧਰਮ ਦੀ ਕਿਰਤ ਕਰੋ ਤੇ ਜੋ ਕੁਝ ਹੈ ਵੰਡ ਕੇ ਛੱਕਣਾ।

ਗੁਰੂ ਸਾਹਿਬ ਨੇ ਆਜੜੀ ਨੂੰ ਸਮਝਾਇਆ ਕਿ ਏਹੋ ਜਿਹੇ ਸੰਨਿਆਸ ਦਾ ਕੀ ਫਾਇਦਾ ਜੇ ਫਿਰ ਭੁੱਖ ਲੱਗਣ ਤੇ ਗ੍ਰਿਸਤੀ ਦੇ ਘਰ ਵਲ ਵੇਖਣਾ ਪੈਂਦਾ ਹੈ। ਗ੍ਰਿਸਤ ਧਰਮ ਸਭ ਤੋਂ ਉਤਮ।

ਆਜੜੀਆਂ ਨੇ ਜੋ ਚਮਤਕਾਰ ਵੇਖਿਆ ਸੀ ਉਹਨਾਂ ਕਰਕੇ ਇਲਾਕੇ ਵਿਚ ਦੁਹਾਈ ਪੈ ਗਈ ਕਿ ਬਾਬਾ ਨਾਨਕ ਇਸ ਇਲਾਕੇ ਵਿਚ ਹੀ ਪਧਾਰੇ ਹੋਏ ਨੇ। ਓਦੋਂ ਫਿਰ ਪੰਡਤ ਸੱਬੂ ਨਾਂ ਦਾ ਇਕ ਵਿਅਕਤੀ ਗੁਰੂ ਸਾਹਿਬ ਦੇ ਆ ਚਰਨੀ ਲੱਗਾ ਤੇ ਗੁਰਸਿੱਖੀ ਨੂੰ ਪਹੁੰਚਾ। ਗੁਰੂ ਨਾਨਕ ਦੇ ਨਿਰਮਲ ਪੰਥ ਦਾ ਬਾਦ ਵਿਚ ਪ੍ਰਚਾਰਕ ਬਣਿਆ। ਏਸੇ ਨੇ ਹੀ ਫਿਰ ਤੋਸ ਮੈਦਾਨ ਵਿਚ ਗੁਰੂ ਸਾਹਿਬ ਦੀ ਯਾਦ ਵਿਚ ਧਰਮਸਾਲਾ ਬਣਾਈ। ਏਸੇ ਦੇ ਬਣਾਏ ਥੜੇ ਤੇ ਬਾਦ ਵਿਚ ਅਕਬਰ ਬਾਦਸ਼ਾਹ ਨੇ ਬੁਰਜ ਬਣਾ ਦਿਤਾ ਪਰ ਨਾਮ ਦਮ ਦਮਾ ਸਾਹਿਬ ਹੀ ਰਿਹਾ। ਬੁਰਜ ਦੀ ਬਣਤਰ ਦੇਖਣ ਤੋਂ ਲਗਦਾ ਹੈ ਕਿ ਇਹ ਖਾਲਸਾ ਸਰਕਾਰ ਵੇਲੇ ਬਣਿਆ ਸੀ।

ਇਹ ਘਟਨਾ ਕਸ਼ਮੀਰ ਦੇ ਤੋਸਮੈਦਾਨ ਇਲਾਕੇ ਵਿਚ ਘਟੀ ਸੀ ਜਿਥੇ 1932 ਈ ਦਮਦਮਾਂ ਸਾਹਿਬ ਨਾਂ ਦਾ ਗੁਰਦੁਆਰਾ ਸਾਹਿਬ ਵੀ ਹੁੰਦਾ ਸੀ। ਸ੍ਰੀ ਨਗਰ ਤੋਂ 29 ਕਿ. ਮੀ. ਪੱਛਮ ਬੀਰਵਾ। ਬੀਰਵਾ ਤੋਂ ਲਗ ਪਗ 20 ਕਿ. ਮੀ. ਦੱਖਣ। (ਅੰਦਾਜਾ)

ਸੰਨ 1932 ਵਿਚ ਇਹ ਅਸਥਾਨ ਪਹਾੜ ਗਰਾਟ ਮਰਗ ਅਤੇ ਕਰਾਲ ਮਰਗ ਦਰਮਿਆਨ ਹੈ। ਜਦੋਂ ਯਾਤਰੀ ਓਥੇ ਪਹੁੰਚਾ ਤਾਂ ਇਸ ਪਵਿਤ੍ਰ ਅਸਥਾਨ ਨੂੰ ਆਜੜੀਆਂ ਨੇ ਮੱਲਿਆ ਹੋਇਆ ਸੀ। ਕੋਈ ਸਿੱਖ ਇਲਾਕੇ ਵਿਚ ਨਹੀ ਰਹਿੰਦਾ।◈ ਸੋ ਲਗਦੈ ਹੁਣ ਤਕ ਤਾਂ ਇਸ ਦਾ ਨਾਮੋ ਨਿਸ਼ਾਨ ਮਿੱਟ ਚੁੱਕਾ ਹੋਵੇਗਾ।

ਸਾਈਕਲ ਯਾਤਰੀ ਅਨੁਸਾਰ ਇਸ ਤੋਂਸ ਮੈਦਾਨ ਤੋਂ ਕੋਈ 12 ਕਿ. ਮੀ ਪੱਛਮ ਅਤੇ ਸ਼ਹਿਰ ਪੁਣਛ ਤੋਂ 20 ਕੁ. ਕਿ. ਮੀ. ਪੂਰਬ ਵਲ ਇਕ ਤਲਾਬ ਆਉਦਾ ਹੈ ਜਿਥੇ ਗੁਰੂ ਸਾਹਿਬ ਰੁਕੇ ਅਤੇ ਇਥੇ ਇਸ਼ਨਾਨ ਵੀ ਕੀਤਾ ਸੀ ਜੋ ਦਮਾਮਸਰ ਦੇ ਨਾਂ ਨਾਲ ਜਾਣਿਆ ਜਾਣ ਲੱਗ ਪਿਆ। ਯਾਦਗਾਰ ਤੇ ਨਹੀ ਬਣੀ ਪਰ ਉਹ ਸਰੋਵਰ ਗੁਰੂ ਸਾਹਿਬ ਦੀ ਆਮਦ ਦੀ ਯਾਦ ਦਿਵਾਉਦਾ ਹੈ।■ ਨਕਸ਼ੇ ਤੇ ਇਸ ਸਰੋਵਰ ਨੂੰ ਅਸੀ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਪੁਣਛ ਦੇ ਪਿੰਡ ਜਲੀਆਂ ਤੋਂ 3 ਕਿ. ਮੀ. ਦੱਖਣ। ਜਾਂ ਬੁੱਢਾ ਅਮਰ ਨਾਥ ਤੋਂ 7 ਕਿ. ਦੱਖਣ।

ਇਸ ਵਿਚ ਕੋਈ ਸ਼ੱਕ ਨਹੀ ਕਿ ਗੁਰੂ ਸਾਹਿਬ ਪੁਣਛ ਵੀ ਗਏ ਪਰ ਓਨਾਂ ਦੀ ਯਾਦਗਾਰ ਨਹੀ ਸੀ ਬਣੀ ਓਥੇ। ਪੁਣਛ ਓਨੀ ਦਿਨੀ ਵੀ ਅਹਿਮ ਰਿਆਸਤੀ ਕਸਬਾ ਸੀ।

—▲—

ਬਾਬ-51ੳ

# ਤੀਜੀ ਉਦਾਸੀ। ਭਾਗ-4

## ਕਸ਼ਮੀਰ ਤੋਂ ਕਾਬੁਲ

**ਕਲਿਆਣਸਰ**–ਇਤਹਾਸ ਵਿੱਚ ਕਿਸੇ ਕਲਿਆਣਸਰ ਵਿਖੇ ਗੁਰੂ ਸਾਹਿਬ ਦਾ ਆਉਣਾ ਲਿਖਿਆ ਮਿਲਦਾ ਹੈ। ਕਿਰਪਾਲ ਸਿੰਘ○ ਨੇ ਕੁਝ ਇਸ ਪ੍ਰਕਾਰ ਲਿਖਿਆ ਹੈ:-

"ਕੋਹਾਲੇ ਤੋਂ 30 ਮੀਲ ਦੂਰ ਮੌਜੂਦਾ ਬਣਾਈ ਗਈ ਪੱਕੀ ਸੜਕ ਤੋਂ ਅੱਠ ਮੀਲ ਪੂਰਬ ਵੱਲ ਕਲਿਆਣਸਰ ਹੈ, ਜਿੱਥੇ ਗੁਰੂ ਨਾਨਕ ਸਾਹਿਬ ਦੇ ਚਰਨ ਪਾਉਣ ਦੀ ਰਵਾਇਤ ਪ੍ਰਚੱਲਤ ਹੈ ਤੇ ਗੁਰਦੁਆਰਾ ਵੀ ਸੀ। "○

ਭਾਈ ਕਾਨ ਸਿੰਘ ਨਾਭਾ ਨੇ ਦੱਸਿਆ ਹੈ,"ਇਥੇ ਜਲ ਦਾ ਨਿਰਮਲ ਸੋਮਾ ਹੈ। ਜਗਤ ਗੁਰੂ ਨੇ ਆਪਣੇ ਚਰਨਾਂ ਨਾਲ ਪਵਿਤ੍ਰ ਕੀਤਾ ਹੈ, ਇਥੇ ਭਾਈ ਮਿਹਰ ਸਿੰਘ ਜੀ ਪੁਣਛ ਵਾਲਿਆ ਨੇ ਗੁਰਦੁਆਰਾ ਬਣਵਾ ਦਿੱਤਾ ਹੈ। ਇਹ ਥਾਂ ਕਸ਼ਮੀਰ ਦੀ ਪੱਕੀ ਸੜਕ ਦੇ 38ਵੇਂ ਮੀਲ ਤੋਂ ਸੱਜੇ ਪਾਸੇ ਸੱਤ ਮੀਲ ਦੀ ਵਿੱਥ ਤੇ ਹੈ। "○

ਕੁਝ ਗ੍ਰੰਥਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਰਾਵਲਪਿੰਡੀ ਵੀ ਗਏ ਸਨ। ਰਾਵਲਪਿੰਡੀ ਜਿਸ ਅਸਥਾਨ ਤੇ ਗੁਰੂ ਸਾਹਿਬ ਨੇ ਚਰਨ ਪਾਏ ਓਥੇ ਗੁਰਦੁਆਰਾ ਤਪੋਬਨ ਸਾਹਿਬ ਮੌਜੂਦ ਸੀ। ਰਾਵਲਪਿੰਡੀ ਦੇ ਲਾਗੇ ਹੀ ਕੋਈ ਖੈਰਾਬਾਦ ਅਬਾਦੀ ਹੈ। ਓਥੇ ਵੀ ਗੁਰੂ ਸਾਹਿਬ ਦਾ ਆਉਣਾ ਲਿਖਿਆ ਹੈ।✚ ( ਇਨਾਂ ਦੋਵਾਂ ਅਸਥਾਨਾਂ ਦੇ ਹਾਲਾਤਾਂ ਦਾ ਹੁਣ ਕੁਝ ਪਤਾ ਨਹੀ।)

ਸੋ ਕਲਿਆਣਸਰ, ਰਾਵਲਪਿੰਡੀ ਬਾਰੇ ਕੁਝ ਪੱਕਾ ਨਹੀ ਕਿ ਗੁਰੂ ਸਾਹਿਬ ਜਾਂਦੇ ਹੋਏ ਜਾਂ ਵਾਪਸੀ ਤੇ ਲੰਘੇ ਸਨ।

----◈-----

### ਬਾਲਾਕੋਟ ਵੀ ਚਸ਼ਮੇ ਜਾਰੀ ਕੀਤੇ



ਬਾਲੇ ਦਾ ਚਸ਼ਮਾ (ਫੋਟੋ ਲਈ ਧੰਨਵਾਦ ਇਕਬਾਲ ਕੈਸਰ)

ਹੇਠ ਲਿਖਾ
◈ ਸਾਈਕਲ ਯਾਤਰੀ -514, ■ ਸਾਈਕਲ ਯਾਤਰੀ -513
○ ਕਿਰਪਾਲ - 110, ਮਹਾਨ ਕੋਸ਼-286 (ਅਸੀ ਨਕਸ਼ਿਆਂ ਰਾਂਹੀ ਇਸ ਕਲਿਆਣਸਰ ਨੂੰ ਲੱਭਣ ਦਾ ਉਪਰਾਲਾ ਕੀਤਾ ਹੈ ਪਰ ਕਿਤੇ ਨਹੀ ਮਿਲਿਆ।)
ਇਹ ਵੀ ਹੋ ਸਕਦੈ ਕਿ ਇਹ ਦਮਾਮਸਰ ■ ਹੀ ਹੋਵੇ ਜਿਸ ਦਾ ਸਾਈਕਲ ਯਾਤਰੀ ਜਿਕਰ ਕਰ ਰਿਹਾ ਹੈ।, ✚ ਬਰਵਾਲਾ- 68, ● ਇਕਬਾਲ ਕੈਸਰ

ਕੋਹਾਲਾ-ਮੁਨਾਸਾ ਤੋਂ ਬਾਲਾਕੋਟ ਕੋਈ 75 ਕਿ. ਮੀ ਦਾ ਸਫਰ ਹੈ ਬਰਾਸਤਾ ਮੁਜੱਫਰਾਬਾਦ। ਸੋ ਉੱਤੇ ਜਿਹੜੇ ਕਲਿਆਣਸਰ ਦੀ ਗਲ ਹੋਈ ਹੈ ਓਥੋਂ ਹੀ ਸਾਹਿਬ ਬਾਲਾਕੋਟ ਪਹੁੰਚੇ ਹੋਣਗੇ।

ਬਾਲਾਕੋਟ -ਮਾਨਸਿਹਰਾ ਦਾ ਇਲਾਕਾ ਪ੍ਰਸਿੱਧ ਬੋਧੀ ਕੇਂਦਰ ਰਿਹਾ ਹੈ। ਇਥੇ ਅੱਜ ਵੀ ਸਮਰਾਟ ਅਸ਼ੋਕ ਦੇ ਸਿਲਲੇਖ ਮਿਲਦੇ ਹਨ। ਜਿਵੇ ਅਸੀ ਪਿੱਛੇ ਦੇ ਚੁੱਕੇ ਹਾਂ ਕਿ ਭਾਰਤ ਵਿੱਚ ਜਿੱਥੇ ਜਿੱਥੇ ਬੋਧੀ ਮੱਠ ਸਨ, ਬੁੱਧਮੱਤ ਦੇ ਪਤਨ ਉਪਰੰਤ ਓਥੇ ਜੋਗੀਆਂ ਨੇ ਕਬਜਾ ਕੀਤਾ ਸੀ। ਸੋ ਇਸ ਇਲਾਕੇ ਵਿੱਚ ਕੋਈ ਪ੍ਰਸਿੱਧ ਜੋਗੀ ਆਸ਼ਰਮ ਜਾਂ ਮੱਠ ਵੀ ਸੀ। ਸੰਭਾਵਨਾ ਜਿਆਦਾ ਬਾਲਾਕੋਟ ਜੋਗੀ ਆਸਣ ਹੋਣ ਦੀ ਬਣਦੀ ਹੈ, ਹਾਲਾਂ ਮਾਨਸੇਹਰਾ ਦੇ ਨੇੜੇ ਤੇੜੇ ਵੀ ਹੋ ਸਕਦਾ ਹੈ। ਇਹ ਵੀ ਆਪਾਂ ਜਾਣਦੇ ਹਾਂ ਕਿ ਜਿੱਥੇ ਵੀ ਕੋਈ ਜੋਗੀ ਡੇਰਾ ਹੁੰਦਾ ਓਥੇ ਗੁਰੂ ਸਾਹਿਬ ਪਹੁੰਚ ਜਾਂਦੇ ਸਨ।

ਬਾਲਾਕੋਟ ਜੋ ਜਿਲਾ ਮਾਨਸਿਹਰਾ ਦੀ ਤਸੀਲ ਹੈ, ਵਿਖੇ ਗੁਰੂ ਸਾਹਿਬ ਨੇ ਤਿੰਨ ਥਾਵਾਂ ਤੇ ਪਾਣੀ ਦੇ ਚਸ਼ਮੇ ਜਾਰੀ ਕੀਤੇ। ਉਨਾਂ ਵਿੱਚੋਂ ਇੱਕ ਮਰਦਾਨੇ ਦਾ ਚਸ਼ਮਾ ਦੂਜਾ ਬਾਲੇ ਦਾ ਚਸ਼ਮਾ ਕਹਾਉਦਾ ਸੀ। ਤੀਸਰਾ ਗੁਰੂ ਸਾਹਿਬ ਦੇ ਨਾਂ ਤੇ ਚਲਦਾ ਸੀ। ਇਥੇ ਬਾਲਾ ਪੀਰ ਦਾ ਥੜਾ ਵੀ ਮੌਜੂਦ ਹੈ।•

ਪਰ ਇੰਟਰਨੈਟ ਰਾਂਹੀ ਅਸਾਂ ਓਥੇ ਦੇ ਵਸਨੀਕਾਂ ਨਾਲ ਸੰਪਰਕ ਕੀਤਾ ਤੇ ਉਨਾਂ ਦੱਸਿਆ ਕਿ ਅਜ ਚਸ਼ਮਿਆਂ ਦੇ ਨਾਂ ਉਪਰ ਦੱਸੇ ਵਾਲੇ ਨਹੀ ਹਨ। ਉਨਾਂ ਦਾ ਕਹਿਣਾ ਸੀ ਕਿ 2005 ਵਿੱਚ ਆਏ ਭੁਚਾਲ ਕਰਕੇ ਕੁਝ ਚਸ਼ਮੇ ਬੰਦ ਹੋ ਗਏ ਨੇ।

ਬਾਲਾਕੋਟ ਤੋਂ ਗੁਰੂ ਸਾਹਿਬ 130 ਕਿ. ਮੀ. ਦਾ ਪੈਂਡਾ ਕਰਕੇ ਹਸਨ ਅਬਦਾਲ ਪਹੁੰਚੇ। ਸੋ ਜੇ ਨਕਸ਼ੇ ਦੇ ਹਿਸਾਬ ਵੇਖੀਏ ਤਾਂ ਸਾਹਿਬ ਨੇ ਰਾਵਲਪਿੰਡੀ ਛੱਡ ਦਿਤਾ ਹੋਵੇਗਾ। ਸੋ ਰਾਵਲਪਿੰਡੀ ਲਾਗੇ ਜੋ ਸਥਾਨ ਦੱਸੀਦਾ ਹੈ ਉਹ ਹੋ ਸਕਦਾ ਵਾਪਸੀ ਤੇ ਕੀਤਾ ਹੋਵੇ।

----◆-----

## ਹਸਨ ਅਬਦਾਲ ਦੇ ਪੰਜਾ ਸਾਹਿਬ ਦਾ ਕੌਤਕ

### ਪੰਜਾ ਸਾਹਿਬ ਦੀ ਸੇਵਾ ਖਾਲਸਾ ਰਾਜ ਵੇਲੇ ਮੁਸਲਮਾਨਾਂ ਦੇ ਹੱਥ ਵਿੱਚ ਸੀ

{1 ਸਾਵਣ, 1577 ਬਿ. (1520 ਈ)} ⊙

ਜਿਵੇਂ ਸਕਰਦੂ ਵਿਖੇ ਗੁਰੂ ਸਾਹਿਬ ਨੇ ਬਾਬਰ ਨੂੰ ਮਿਲਣ ਦਾ ਤਹਿ ਕਰ ਲਿਆ ਤੇ ਕਾਬੁਲ ਵਲ ਚਾਲੇ ਪਾਏ। ਰਸਤੇ ਦੇ ਪਿੰਡਾਂ ਕਸਬਿਆਂ ਦੀ ਲੋਕਾਈ ਨੂੰ ਨਾਮ ਨਾਲ ਜੋੜਦੇ ਹੋਏ ਅੱਗੇ ਪੇਸ਼ਾਵਰ ਵਲ ਨੂੰ ਵਧ ਰਹੇ ਸਨ। ਜਿੱਥੇ ਅਜਕਲ ਹਸਨ ਅਬਦਾਲ ਸ਼ਹਿਰ ਹੈ ਓਥੇ ਕੁ ਜਿਹੇ ਮਰਦਾਨਾ ਭੁੱਖ ਨਾਲ ਬੇਹਾਲ ਹੋ ਗਇਆ।

ਦੂਰੋ ਵੇਖਿਆ ਤਾਂ ਇੱਕ ਇਆਲੀ ਮੱਝਾਂ ਚਾਰ ਰਿਹਾ ਹੈ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਜਾ ਉਸ ਅਯਾਲੀ ਕੋਲੋਂ ਦੁੱਧ ਮੰਗ ਕੇ ਪੀ ਲੈ। ਮਰਦਾਨਾ ਅਯਾਲੀ ਕੋਲ ਗਇਆ ਤੇ ਗੱਲ ਦੱਸੀ ਕਿ ਸਵੇਰ ਦੇ ਚੱਲੇ ਹਾਂ ਤੇ ਭੁੱਖ ਨਾਲ ਨਿਢਾਲ ਹਾਂ। ਹਸਨੇ ਨਾਂ ਦੇ ਅਯਾਲੀ ਨੇ ਮਰਦਾਨੇ ਨੂੰ ਕਿਹਾ ਕਿ ਐਸ ਵੇਲੇ ਉਹਦੀ ਕੋਈ ਮੱਝ ਦੁੱਧ ਨਹੀ ਦੇਵੇਗੀ। ਚੋਣ ਦਾ ਵੇਲਾ ਸਵੇਰੇ ਸ਼ਾਮ ਹੁੰਦਾ ਹੈ। ਅਯਾਲੀ ਨੇ ਨੇਕ ਨਿਯਤ ਨਾਲ ਮਰਦਾਨੇ ਨੂੰ ਕਿਹਾ ਕਿ ਚਾਹੋ ਤਾਂ ਪਿੰਡੋਂ ਜਾ ਕੇ ਤੁਹਾਡੇ ਮੂੰਹ ਪਾਉਣ ਲਈ ਕੁਝ ਲੈ ਆਉਦਾ ਹਾਂ। ਮਰਦਾਨਾ ਤੇ ਹਸਨਾ ਗੁਰੂ ਸਾਹਿਬ ਕੋਲ ਆਏ ਤੇ ਹਾਲਾਤ ਦੱਸੇ। ਗੁਰੂ ਜੀ ਨੇ ਹਸਨੇ ਨੂੰ ਕਿਹਾ ਕਿ ਤੂੰ ਸਤਿ ਕਰਤਾਰ ਕਹਿ ਕੇ ਕਿਸੇ ਵੀ ਮੱਝ ਦੇ ਥੱਲੇ ਬਹਿ ਜਾ। ਹਸਨੇ ਨੇ ਏਸੇ ਤਰਾਂ ਹੀ ਕੀਤਾ ਤੇ ਮੱਝ ਥਲਿਓ ਲੋਟੇ ਭਰ ਭਰ ਦੁੱਧ ਚੋਇਆ। ਗੁਰੂ ਸਾਹਿਬ ਤੇ ਮਰਦਾਨੇ ਨੂੰ ਅਰਪਣ ਕੀਤਾ।

ਦੁੱਧ ਛੱਕਣ ਉਪਰੰਤ ਗੁਰੂ ਸਾਹਿਬ ਤੇ ਮਰਦਾਨੇ ਨੇ ਓਥੇ ਹੀ ਰਾਗ ਛੇੜ ਦਿੱਤਾ। ਹਸਨਾ ਵੀ ਸਭ ਕੁਝ ਭੁੱਲ ਭੁਲਾ ਕੇ ਗੁਰੂ ਨਾਨਕ ਦਾ ਹੋ ਗਿਆ। ਅਗਲੇ ਦਿਨ ਵੀ ਸਵੇਰੇ ਗੁਰੂ ਸਾਹਿਬ ਨਿਰੰਕਾਰ ਦੀ ਅਰਾਧਨਾ ਵਿੱਚ ਲੀਨ ਸਨ ਤੇ ਮਰਦਾਨਾ ਆਪਣੀ ਆਦਤ ਅਨੁਸਾਰ ਇਧਰ ਉਧਰ ਸੈਰ ਕਰ ਰਿਹਾ ਸੀ।






ਪੰਜਾ ਸਾਹਿਬ ਗੁਰਦੁਆਰਾ ਅਤੇ ਫੋਟੋ ਵਿਚ (ਖੱਬੇ )ਉਹ ਪੱਥਰ ਜਿਸ ਤੇ ਗੁਰੂ ਸਾਹਿਬ ਦਾ ਪੰਜਾ ਉਕਰਿਆ ਹੋਇਆ ਹੈ। ਜਿੱਥੇ ਵੀ ਗੁਰੂ ਸਾਹਿਬ ਨੇ ਕੌਤਕ ਕੀਤੇ ਉਥੇ ਉਹਨਾਂ ਆਪਣੀ ਨਿਸ਼ਾਨੀ ਵੀ ਛੱਡੀ। ਅਨੇਕਾਂ ਥਾਵਾਂ ਤੇ ਆਪਣੇ ਚਰਨਾਂ ਦੇ ਨਿਸ਼ਾਨ ਪੱਥਰਾਂ ਤੇ ਛੱਡੇ। ਕਿਧਰੇ ਸੰਗਤ ਨੂੰ ਖੜਾਵਾਂ ਜਾਂ ਆਪਣੀ ਜੁੱਤੀ ਬਖਸ਼ੀ। ਇਥੇ ਸਾਹਿਬ ਦੇ ਹੱਥ ਦਾ ਪੰਜਾ, ਪੱਥਰ ਵਿਚ ਤਰਾਸ਼ਿਆ ਹੋਇਆ ਹੈ। ਉਹ ਪੱਥਰ ਐਨ ਚਸ਼ਮੇ ਦੇ ਲਾਗੇ ਸਥਾਪਤ ਕੀਤਾ ਹੋਇਆ ਹੈ। ਪੰਜਾ ਸਾਹਿਬ ਦੇ ਦਰਸ਼ਨਾਂ ਲਈ ਲਗੀ ਕਤਾਰ।



ਪਹਾੜੀ ਵਲੀ ਕੰਧਾਰੀ, ਹਸਨ ਅਬਦਾਲ (ਇੰਟਰਨੈਟ ਫੋਟੋ)

ਮਰਦਾਨੇ ਨੂੰ ਪਤਾ ਲਗਾ ਕਿ ਨੇੜੇ ਪਹਾੜੀ ਤੇ ਇੱਕ ਫਕੀਰ ਰਹਿੰਦਾ ਹੈ ਜਿਸ ਦੀ ਇਲਾਕੇ ਵਿੱਚ ਪਿਛਲੇ 20-22 ਸਾਲ ਤੋਂ ਬਹੁਤ ਮਾਨਤਾ ਹੈ। ਸਭ ਦੁਨੀਆ ਕੰਧਾਰ ਤੋਂ ਪਹੁੰਚੇ ਹੋਏ ਫਕੀਰ ਦੀ ਮੁਰੀਦ ਹੈ। ਲੋਕੀ ਉਨੂੰ ਬਾਬਾ ਵਲੀ ਕੰਧਾਰੀ ਕਰਕੇ ਜਾਣਦੇ ਨੇ।

ਲੋਕਾਂ ਨੂੰ ਫਕੀਰ ਵਲ ਜਾਂਦੇ ਵੇਖ ਮਰਦਾਨਾ ਵੀ ਨਾਲ ਹੀ ਹੋ ਤੁਰਿਆ। ਦੁਆ ਸਲਾਮ ਕਰਕੇ ਮਰਦਾਨਾ ਵੀ ਬਾਕੀ ਲੋਕਾਂ ਨਾਲ ਫਕੀਰ ਦੇ ਪੈਰਾਂ ਵਿੱਚ ਜਾ ਬੈਠਾ। ਗੱਲਾਂ ਬਾਤਾਂ ਹੋਈਆਂ। ਮਰਦਾਨੇ ਨੇ ਵੀ ਆਪਣੇ ਬਾਰੇ ਦੱਸਿਆ। ਪੀਰ ਇਹ ਸੁਣ ਕੇ ਕੌਲਾ ਹੋ ਗਇਆ ਕਿ ਇੱਕ ਮੁਸਲਮਾਨ ਸ਼ਖਸ ਕਿਸੇ ਹਿੰਦੂ ਦਾ ਮੁਰੀਦ ਹੈ। ਮਰਦਾਨੇ ਨੇ ਹਾਲੇ ਬਥੇਰਾ ਦੱਸਿਆ ਕਿ ਬਾਬਾ ਨਾਨਕ ਤਾਂ ਹਿੰਦੂ ਮੁਸਲਮਾਨ ਤੋਂ ਕੁਝ ਜੁਦਾ ਹੀ ਹੈ।

ਹੌਲੀ ਹੌਲੀ ਲੋਕ ਤਾਂ ਫਕੀਰ ਦੇ ਦਰਸ਼ਨ ਮੁਰਾਦਾਂ ਲੈਂਦੇ ਚਲਦੇ ਬਣੇ। ਪਰ ਫਕੀਰ ਮਰਦਾਨੇ ਕੋਲੋ ਬਾਬੇ ਨਾਨਕ ਬਾਰੇ ਗੱਲਾਂ ਪੁੱਛੀ ਜਾ ਰਿਹਾ ਸੀ। ਮਰਦਾਨਾ ਵੀ ਬੜੇ ਮਾਣ ਨਾਲ ਸਾਰੀਆਂ ਗੱਲਾਂ ਦੱਸ ਰਿਹਾ ਸੀ ਕਿ ਬਾਬਾ ਨਾਨਕ ਕਿੱਥੇ ਕਿੱਥੇ ਦੂਰ ਦੇਸਾਂ ਦੇ ਗਇਆ। ਕਿਵੇ ਕਿਵੇ ਚਮਤਕਾਰ ਕੀਤੇ।

ਕੁਝ ਸਮੇਂ ਬਾਦ ਮਰਦਾਨੇ ਨੂੰ ਪਿਆਸ ਲੱਗੀ। ਫਕੀਰ ਨੇ ਬੜੇ ਮਾਣ ਨਾਲ ਮਰਦਾਨੇ ਨੂੰ ਉਹ ਪਾਣੀ ਦਾ ਚਸ਼ਮਾ ਦਿਖਾਇਆ ਜੋ ਉਸ ਨੇ ਜਾਰੀ ਕੀਤਾ ਹੋਇਆ ਸੀ। ਪਰ ਮਰਦਾਨੇ ਨੂੰ ਪਾਣੀ ਦੇਣ ਤੋਂ ਫਕੀਰ ਨੇ ਨਾਂਹ ਕਰ ਦਿੱਤੀ ਤੇ ਕਹਿਣ ਲੱਗਾ ਕਿ ਜਿਸ ਨਾਨਕ ਦੀਆਂ ਤੂੰ ਇਨੀਆਂ ਤਾਰੀਫਾਂ ਕਰਦਾ ਹੈ, ਜਾ ਉਸੇ ਕੋਲੋ ਜਾ ਕੇ ਪਾਣੀ ਪੀ। ਮਰਦਾਨੇ ਨੇ ਬਥੇਰੇ ਤਰਲੇ ਪਾਏ ਪਰ ਪੀਰ ਕਿਥੇ ਮੰਨੇ।

ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਵੀ ਪਹਾੜੀ ਦੇ ਪੈਰਾਂ 'ਚ ਲਾਗੇ ਹੀ ਬਿਰਾਜਮਾਨ ਸਨ। ਮਰਦਾਨਾ ਗੁਰੂ ਸਾਹਿਬ ਕੋਲ ਆਇਆ ਤੇ ਸਾਰੀ ਗੱਲ ਦੱਸੀ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਤੂੰ ਜਰੂਰ ਹੰਕਾਰ ਵਾਲੀ ਗੱਲ ਕੀਤੀ ਹੋਵੇਗੀ ਜੋ ਪੀਰ ਨੇ ਤੈਨੂੰ ਪਾਣੀ ਤੱਕ ਨਹੀ ਪੀਣ ਨੂੰ ਦਿੱਤਾ। ਗੁਰੂ ਸਾਹਿਬ ਨੇ ਕਿਹਾ ਕਿ ਮੇਰੇ ਕੋਲ ਕਿਹੜੀ ਤਾਕਤ ਹੈ ਜਿਹੜਾ ਤੂੰ ਪੀਰ ਅੱਗੇ ਇਨੀਆਂ ਤਾਰੀਫਾਂ ਕੀਤੀਆਂ ਨੇ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਜਾ ਇੱਕ ਵਾਰ ਫਿਰ ਪੀਰ ਅੱਗੇ ਅਰਜੋਈ ਕਰ ਤੇ ਕਹੋ ਕਿ ਨਾਨਕ ਤਾਂ ਨੀਚਾਂ ਤੋਂ ਵੀ ਨੀਚ ਹੈ ਉਹਦਾ ਤੇ ਤੁਹਾਡਾ ਮੁਕਾਬਲਾ ਕਾਹਦਾ ਤੁਸੀ ਮੇਰੇ ਤੇ ਤਰਸ ਕਰੋ ਤੇ ਜਲ ਛਕਾਓ। ਮਰਦਾਨੇ ਨੇ ਏਸੇ ਤਰਾਂ ਹੀ ਕੀਤਾ। ਪਰ ਪੀਰ ਨੇ ਫਿਰ ਪਾਣੀ ਦੇਣ ਤੋਂ ਮਨਾ ਕਰ ਦਿੱਤਾ ਤੇ ਕਹਿਣ ਲੱਗਾ ਕਿ ਤੇਰਾ ਨਾਨਕ ਤਾਂ ਦੁਨੀਆਂ ਭਰ ਵਿੱਚ ਘੁੰਮ ਫਿਰ ਕੇ ਲੋਕਾਂ ਨੂੰ ਤਾਰ ਰਿਹਾ ਹੈ ਤਾਂ ਕੀ ਤੇਰੀ ਪਿਆਸ ਵੀ ਨਹੀ ਬੁਝਾ ਸਕਦਾ?



ਵਲੀ ਕੰਧਾਰੀ ਦੇ ਸਥਾਨ ਦੇ ਦਰਸ਼ਨਾਂ ਲਈ ਪਹਾੜੀ ਚੜ੍ਹਦੀਆਂ ਸੰਗਤਾਂ। ਨਵੰਬਰ 2015 ਜਦੋਂ ਅਸੀ ਗਏ ਸੀ, ਚਿੱਲਾ ਵਲੀ ਕੰਧਾਰੀ ਦੀ ਕਾਰਸੇਵਾ ਚਲ ਰਹੀ ਸੀ

ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਮਰਦਾਨੇ ਨੂੰ ਤੀਸਰੀ ਵਾਰੀ ਵੀ ਭੇਜਿਆ ਪਰ ਪੀਰ ਨੇ ਪਾਣੀ ਨਾਂ ਪਿਆਇਆ।



ਹਜਰਤ ਵਲੀਉਲਾ ਬਨਾਮ ਵਲੀ ਕੰਧਾਰੀ ਦਾ ਕੰਧਾਰ ਤੋਂ 42 ਕਿ. ਮੀ. ਹਟਵਾਂ ਮਕਬਰਾ। ਗੁਰੂ ਸਾਹਿਬ ਜਦੋਂ ਬਗਦਾਦ ਤੋਂ ਪਰਤ ਰਹੇ ਸਨ ਤਾਂ ਗੁਰੂ ਸਾਹਿਬ ਨੇ ਵਲੀ ਦੇ ਟਿਕਾਣੇ ਬਾਰੇ ਪਤਾ ਕੀਤਾ। ਸਾਹਿਬ ਨੂੰ ਫਿਰ ਖਬਰ ਮਿਲੀ ਕਿ ਉਹਨਾਂ ਦਾ ਯਾਰ ਤਾਂ ਫੌਤ ਹੋ ਗਇਆ ਹੈ।

ਅਖੀਰ ਗੁਰੂ ਸਾਹਿਬ ਨੇ ਪਹਾੜੀ ਤੋਂ ਹੇਠਾਂ ਇੱਕ ਸਥਾਨ ਤੋਂ ਪੱਥਰ ਹਟਵਾਇਆ ਤੇ ਓਥੇ ਪਾਣੀ ਦਾ ਫੁਹਾਰਾ ਛੁੱਟ ਗਿਆ।

ਦੂਸਰੇ ਪਾਸੇ ਪੀਰ ਨੇ ਜੋ ਚਸ਼ਮੇ ਦਾ ਪਾਣੀ ਜਮ੍ਹਾ ਕੀਤਾ ਹੋਇਆ ਸੀ ਉਹ ਇੱਕ ਦਮ ਖਾਲੀ ਹੋ ਗਿਆ। ਤੇ ਉਹਦਾ ਚਸ਼ਮਾ ਸੁੱਕ ਗਿਆ।

ਪੀਰ ਨੂੰ ਜਦੋਂ ਪਤਾ ਲੱਗਾ ਕਿ ਨਾਨਕ ਨੇ ਹੇਠਾਂ ਇੱਕ ਚਸ਼ਮਾ ਜਾਰੀ ਕਰ ਦਿੱਤਾ ਹੈ ਤਾਂ ਉਸ

ਨੇ ਇੱਕ ਪੱਥਰ ਗੁਰੂ ਸਾਹਿਬ ਵਲ ਰੇੜ੍ਹਿਆ। ਗੁਰੂ ਸਾਹਿਬ ਨੇ ਆ ਰਹੇ ਪੱਥਰ ਅੱਗੇ ਆਪਣਾ ਪੰਜਾ ਕਰਕੇ ਰੋਕ ਲਿਆ।

ਅਖੀਰ ਥੱਕ ਹਾਰ ਕੇ ਪੀਰ ਵਲੀ ਕੰਧਾਰੀ ਜਿਸ ਦਾ ਅਸਲੀ ਨਾਂ ਪੀਰ ਸੱਯਦ ਜਮਾਲ ਉਲਾ ਸੀ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਗਿਆ। ਓਥੇ ਗੁਰੂ ਸਾਹਿਬ ਨੂੰ ਪੀਰ ਨੂੰ ਉਪਦੇਸ ਦਿੱਤਾ ਕਿ ਰੱਬ ਦੇ ਬੰਦਿਆਂ ਵਿੱਚ ਫਰਕ ਨਹੀ ਕਰਨਾਂ। ਨਿਰੰਕਾਰ ਦੀ ਸਾਰੀ ਰਚਨਾ ਨਾਲ ਇਕੋ ਜਿਹਾ ਪਿਆਰ ਕਰੋ। ਗੁਰੂ ਸਾਹਿਬ ਨੂੰ ਇਹ ਵੀ ਪਤਾ ਲਗਾ ਸੀ ਕਿ ਵਲੀ ਕੰਧਾਰੀ ਸਿਰਫ ਹਿੰਦੂਆਂ ਨਾਲ ਹੀ ਵਿਤਕਰਾ ਨਹੀ ਸੀ ਕਰਦਾ ਉਹ ਸ਼ੀਆ ਸੁੰਨੀ ਦੇ ਮਸਲੇ ਤੇ ਆ ਕੇ ਵੀ ਪੱਖਪਾਤੀ ਹੋ ਜਾਂਦਾ ਸੀ। ਗੁਰੂ ਸਾਹਿਬ ਤੇ ਮਰਦਾਨੇ ਨੇ ਸ਼ਬਦ ਬੋਲਿਆ:-

**ਸਿਰੀਰਾਗੁ ਮਹਲਾ ੧ ਘਰੁ ੪ ॥ ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥ ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ ਇਕੋ ਆਵਹੁ ਜਾਹੁ ॥੧॥ ਕਾਹੇ ਜੀਅ ਕਰਹਿ ਚਤੁਰਾਈ ॥ ਲੇਵੈ ਦੇਵੈ ਢਿਲ ਨ ਪਾਈ ॥੧॥ ਰਹਾਉ ॥ ਤੇਰੇ ਜੀਅ ਜੀਆ ਕਾ ਤੋਹਿ ॥ ਕਿਤ ਕਉ ਸਾਹਿਬ ਆਵਹਿ ਰੋਹਿ ॥ ਜੇ ਤੂ ਸਾਹਿਬ**

ਪੈੜ ਸਚਾ

## ਲਓ ਕਿਰਪਾਲ ਸਿੰਘ ਲਿਖਦੈ ਪੰਜਾ ਸਾਹਿਬ ਬੋਧੀ ਸਥਾਨ ਹੈ

ਕਿਰਪਾਲ -110 : ਨੇ ਲਿਖ ਦਿੱਤਾ ਹੈ ਕਿ ਪੰਜਾ ਸਾਹਿਬ ਮੂਲ ਵਿੱਚ ਬੋਧੀ ਸਥਾਨ ਸੀ ਕਿਉਕਿ ਅਖੇ ਕਨਿੰਘਮ ਨੇ ਅਜਿਹਾ ਲਿਖਿਆ ਹੈ। ਕੁਝ ਅਜਿਹੇ ਹੀ ਹਨ ਅੱਜ ਦੇ ਅਖੌਤੀ ਸਿੱਖ ਲਿਖਾਰੀ ਜੋ ਵਿਰੋਧੀ ਦੀ ਗਲਤ ਗਲ ਨੂੰ ਵੀ ਤੂਲ ਦਿੰਦੇ ਆਏ ਹਨ। ਆਓ ਵੇਖੀਏ ਕਿਰਪਾਲ ਸਿੰਘ ਦੇ ਦਾਵੇ ਦੀ ਕੀ ਸਚਾਈ ਹੈ।

ਇਸ ਦਾਵੇ ਦੀ ਜੜ ਹੈ ਪ੍ਰਸਿੱਧ ਅੰਗਰੇਜ ਇਤਹਾਸਕਾਰ ਕਨਿੰਘਮ ਜਿਸ ਨੇ ਇਸ ਕਰਕੇ ਲਿਖਿਆ ਕਿਉਕਿ ਚੀਨੀ ਯਾਤਰੀ ਹਿਊਨ ਸਾਂਗ ਨੇ ਜੁ ਲਿਖਿਆ ਸੀ।

ਪਰ ਦੂਸਰੇ ਪਾਸੇ ਸੱਚਾਈ ਵੇਖੋ। ਹਿਊਨ ਸਾਂਗ (602-664 ਈ.) ਚੀਨੀ ਯਾਤਰੀ ਸੀ ਜੋ 1400 ਸਾਲ ਪਹਿਲਾਂ ਭਾਰਤ ਆਇਆ ਵੇਖੋ ਕੀ ਲਿਖਦਾ ਹੈ:- (ਦੇਖੋ - SI-YU-KI, BUDDHIST RECORDS OF THE WESTERN WORLD by Xuanzang. Translation by Semual Beal page 137)

"ਰਾਜਧਾਨੀ (ਟੈਕਸਲਾ) ਤੋਂ 70 ਲੀ (35 ਕਿ. ਮੀ.) ਉੱਤਰ ਪੱਛਮ ਵਿੱਚ ਨਾਗਰਾਜ ਏਲਾਪਤ੍ਰ ਦਾ ਤਲਾ ਹੈ। ਇਹਦਾ ਘੇਰਾ ਕੋਈ 100 ਕਦਮ ਹੈ। ਪਾਣੀ ਸੀਸੇ ਵਾਗੂ ਸਾਫ ਤੇ ਮਿੱਠਾ ਤੇ ਰੰਗ ਰੰਗ ਦੇ ਕਮਲ ਫੁਲ ਖਿੜੇ ਹੋਏ ਨੇ। ਇਹ ਨਾਗ ਪੁਰਾਣੇ ਜਮਾਨੇ ਦਾ ਭਿਕਸ਼ੂ ਸੀ ਜਿਸ ਨੇ ਕਸ਼ਿਅਪ ਬੁੱਧ ਦੇ ਸਮੇਂ ਏਲਾਪਤ੍ਰ ਰੁੱਖ ਨਸ਼ਟ ਕਰ ਦਿੱਤਾ ਸੀ। ਇਸ ਵਜ੍ਹਾ ਕਰਕੇ ਲੋਕ ਅੱਜ ਓਥੇ ਜਾ ਜਾ ਪ੍ਰਾਰਥਨਾ ਕਰਦੇ ਹਨ ਜਦੋਂ ਓਨਾਂ ਨੂੰ ਬਾਰਸ਼ ਜਾਂ ਚੰਗੇ ਮੌਸਮ ਦੀ ਲੋੜ ਹੁੰਦੀ ਹੈ। ਉਨਾਂ ਦੀ ਇਛਾ ਓਥੇ ਪੂਰੀ ਹੋ ਜਾਂਦੀ ਹੈ।"

"ਨਾਗ ਤਲਾ ਤੋਂ 30 ਲੀ (15 ਕਿ. ਮੀ.) ਦੱਖਣ-ਪੂਰਬ, ਦੋ ਪਹਾੜੀਆਂ ਦੇ ਵਿੱਚ ਇੱਕ ਖੱਡ ਹੈ ਜਿੱਥੇ ਰਾਜਾ ਅਸ਼ੋਕ ਨੇ ਸਤੂਪ ਬਣਾਇਆ। ਇਹ 100 ਫੁੱਟ ਉੱਚਾ ਹੈ।"


ਮਹਾਰਾਜਾ ਅਸ਼ੋਕ ਦੇ ਬਣਾਏ ਸਤੂਪ ਦਾ ਤਣਾ, ਮਾਨਕਿਆਲਾ, ਰਾਵਲਪਿੰਡੀ।

ਹਿਊਨ ਸਾਂਗ ਦੇ ਇਸ ਬਿਆਨ ਤੋਂ ਅਲੈਗਜੈਂਡਰ ਕਨਿੰਘਮ ਨੇ ਕਾਹਲੀ ਨਾਲ ਅੰਦਾਜ਼ਾ ਲਾ ਲਿਆ ਕਿ ਹਿਊਨ ਸਾਂਗ ਜਿਸ ਨਾਗ ਤਲਾ ਦੀ ਗੱਲ ਕਰ ਰਿਹਾ ਹੈ ਉਹ ਪੰਜਾ ਸਾਹਿਬ ਵਾਲਾ ਹੀ ਤਲਾਬ ਹੈ।

ਪਹਿਲੀ ਗਲ ਜੋ ਗੌਰ ਕਰਨ ਵਾਲੀ ਹੈ 1400 ਸਾਲ ਪੁਰਾਣੇ ਚਸ਼ਮੇ ਘੱਟ ਹੀ ਬਰਕਰਾਰ ਰਹਿੰਦੇ ਹਨ।

ਪਰ ਸੱਚਾਈ ਕੁਝ ਹੋਰ ਹੈ। ਕਿਉਕਿ ਪੰਜਾ ਸਾਹਿਬ ਟੈਕਸਲਾ ਤੋਂ ਸਿਰਫ 15 ਕਿ. ਮੀ. ਹਟਵਾ ਹੈ ਜਦੋਂ ਕਿ ਹਿਊਨ ਸਾਂਗ ਉਸ ਤਲਾ ਦੀ ਗੱਲ ਕਰ ਰਿਹਾ ਹੈ ਜਿਹੜਾ 35 ਕਿ. ਮੀ. ਹਟਵਾਂ ਹੈ। ਨਾਲੇ ਅਗਲੀ ਗੱਲ ਹਿਊਨ ਸਾਂਗ ਇੱਕ ਹੋਰ ਪਛਾਣ ਦੱਸਦਾ ਹੈ ਕਿ ਇਸ ਤਲਾ ਤੋਂ 15 ਕਿ. ਮੀ. ਦੱਖਣ ਪੂਰਬ ਵਿੱਚ ਦੋ ਪਹਾੜੀਆਂ ਹਨ। ਜਦੋ ਕਿ ਇਸ ਦੂਰੀ ਤੇ ਕੋਈ ਪਹਾੜੀ ਵਾੜੀ ਨਹੀ ਹੈ। ਸਗੋ ਇਸ ਦੂਰੀ ਤਾਂ ਤੇ ਖੁਦ ਟੈਕਸਲਾ (ਰਾਜਧਾਨੀ) ਹੈ ਹਸਨ ਅਬਦਾਲ ਤੋਂ। ਅਗਲੀ ਗਲ ਤਲਾਬ ਤੋਂ 15 ਕਿ. ਮੀ ਦੀ ਦੂਰੀ ਤੇ ਸਤੂਪ ਹੈ ਜਦੋ ਕਿ ਸਤੂਪ ਤਾਂ 65 ਕਿ. ਮੀ. ਹਟਵਾ ਹੈ। (ਯਾਦ ਰਹੇ ਰਾਵਲਪਿੰਡੀ ਤੋਂ 20 ਕਿ. ਮੀ ਪੂਰਬ ਵਿਚ ਮਾਨਕਿਆਲਾ ਸਥਾਨ ਤੇ ਬੋਧੀ ਸਤੂਪ ਦੀ ਨੀਹ ਅੱਜ ਵੀ ਮੌਜੂਦ ਹੈ) ਇਕ ਮਿੰਟ ਵਾਸਤੇ ਮੰਨ ਲਓ ਕਿ ਕੋਈ ਦੂਸਰਾ ਸਤੂਪ ਸੀ ਜਿਸ ਦੇ ਨਿਸ਼ਾਨ ਅੱਜ ਨਹੀ ਬਚ ਪਾਏ ਪਰ ਪਹਾੜੀਆਂ ਤਾਂ ਸਮੇਂ ਨਾਲ ਨਸ਼ਟ ਨਹੀ ਸੀ ਹੋਣੀਆਂ।

ਫਿਰ ਇਸ ਇਲਾਕੇ ਵਿੱਚ ਥਾਂ ਥਾਂ ਤੇ ਤਲਾਬ ਹਨ ਅਤੇ ਨੀਮ ਪਹਾੜੀ ਇਲਾਕਾ ਹੋਣ ਕਰਕੇ ਅਨੇਕਾਂ ਚਸ਼ਮੇ ਵੀ ਹਨ। ਖੁੱਦ ਗੁਰੂ ਸਾਹਿਬ ਨੇ ਹੀ ਇਸ ਇਲਾਕੇ ਵਿਚ 9 ਚਸ਼ਮੇ ਹੋਰ ਜਾਰੀ ਕੀਤੇ ਸਨ; 1. ਕਾਮਰਾ 2. ਹੰਗੂ, 3.ਜਲਾਲਾਬਾਦ, 4. ਬਾਲਾਕੋਟ -ਤਿੰਨ, 5. ਕਲਿਆਣਸਰ, 7. ਦਮਾਮਸਰ, 8. ਚੋਆ ਸਾਹਿਬ ਰੋਹਤਾਸ ਕਿਲਾ ਆਦਿ।

ਸਿਰਫ ਇਸ ਇਲਾਕੇ ਵਿਚ ਹੀ ਨਹੀ ਗੁਰੂ ਸਾਹਿਬ ਜਿੱਥੇ ਜਿੱਥੇ ਵੀ ਗਏ ਓਥੇ ਧਰਤੀ ਹੇਠਲੇ ਪਾਣੀ ਦਾ ਪਤਾ ਲਗਾ ਲੈਂਦੇ ਸਨ। ਜਿਵੇ ਬਿਦਰ, ਕਾਠਮੰਡੂ, ਚਿੱਟਾਗਾਂਗ, ਬੇਟਮਾ।(ਕੁਝ ਕੁ ਨਾਂ ਧਿਆਨ ਵਿਚ ਆ ਰਹੇ ਨੇ। ਸਾਹਿਬ ਨੇ ਆਪਣੇ ਜੀਵਨ ਕਾਲ ਵਿਚ ਤਕਰੀਬਨ 50 ਥਾਵਾਂ ਤੇ ਲੋਕਾਈ ਨੂੰ ਪਾਣੀ ਦੀ ਮੌਜੂਦਗੀ ਦੱਸੀ ਸੀ। ਪਿੱਛੇ ਜਿਹੇ ਇਕ ਲੜਕੀ ਬਾਰੇ ਅਖਬਾਰਾਂ ਵਿਚ ਆਇਆ ਸੀ ਜਿਸ ਨੂੰ ਵੀ ਹੇਠਲੇ ਪਾਣੀ ਦਾ ਪਤਾ ਲੱਗ ਜਾਂਦਾ ਹੈ।)

ਨਾਲੇ ਪ੍ਰਚਲਤ ਪ੍ਰੰਪਰਾ ਨੂੰ ਸ਼ਰਧਾਲੂ ਕਿਵੇ ਬਦਲ ਸਕਦੇ ਨੇ? ਅਜਿਹੀ ਤਬਦੀਲੀ ਤੇ ਮੁਕਾਮੀ ਲੋਕ ਵਿਰੋਧਤਾ ਕਰ ਦੇਣਗੇ ਕਿ ਇਹ ਤਾਂ ਧੋਖਾ ਹੈ।

ਸਾਡਾ ਕਹਿਣ ਤੋਂ ਮਤਲਬ ਹੈ ਕਿ ਹਿਊਨ ਸਾਂਗ ਨੇ ਜਿਸ ਚਸ਼ਮੇ ਦੀ ਗਲ ਕੀਤੀ ਹੈ ਉਹ ਇਹ ਵਾਲਾ ਚਸ਼ਮਾ ਨਹੀ ਹੈ।

ਕਿਰਪਾਲ -111 ਨੇ ਵਿਰੋਧੀਆਂ ਦੀ ਇੱਕ ਹੋਰ ਗੱਲ ਨੂੰ ਤੂਲ ਦਿੰਦੀ ਹੈ ਕਿ ਪੱਥਰ ਦੇ ਉੱਤੇ ਪੰਜਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਖੁਰਚਿਆ ਗਇਆ ਸੀ। ਜਦੋਂ ਕਿ ਸੱਚ ਇਹ ਹੈ ਕਿ ਗੁਰੂ ਸਾਹਿਬ ਦੀ ਫੇਰੀ ਵੇਲੇ ਅਨੇਕਾਂ ਥਾਵਾਂ ਤੇ ਗੁਰੂ ਸਾਹਿਬ ਦੇ ਪੈਰ ਦੇ ਨਿਸ਼ਾਨ ਜਾਂ ਖੜਾਵਾਂ ਜਾਂ ਜੁੱਤੀ ਸਾਂਭ ਲਈ ਜਾਂਦੀ ਸੀ। ਇਸ ਥਾਂ ਤੇ ਪੰਜੇ ਦਾ ਨਿਸ਼ਾਨ ਹੈ। ਲੇਹ ਤੇ ਭਦਰਵਾਹ ਲਾਗੇ ਮੂਰਤੀ ਬਣਾਈ ਹੋਈ ਹੈ। ਫਿਰ ਖੁੱਦ ਕਿਰਪਾਲ ਸਿੰਘ ਨੇ ਜਰਮਨ ਯਾਤਰੀ ਬੈਰਨ ਚਾਰਲਜ਼ ਹਿਊਗਲ ਦਾ ਜਿਕਰ ਕੀਤਾ ਹੈ ਜਿਸ ਨੇ 1835 ਵਿੱਚ ਪੰਜਾ ਸਾਹਿਬ ਗੁਰਦੁਆਰੇ ਦੇ ਦਰਸ਼ਨ ਕੀਤੇ ਸਨ ਤੇ ਲਿਖਿਆ ਹੈ ਕਿ ਪ੍ਰਕਾਸ਼ ਅਸਥਾਨ ਦੇ ਨਾਲ ਹੀ ਪੱਥਰ ਰੱਖਿਆ ਹੋਇਆ ਹੈ। ਭਾਵ ਪੰਜੇ ਵਾਲਾ ਪੱਥਰ ਸਾਂਭਿਆ ਹੋਇਆ ਹੈ। ਕਿਰਪਾਲ ਨੂੰ ਅਹਿਸਾਸ ਨਹੀ ਕਿ ਜਦੋਂ ਕੋਈ ਅਜਿਹੇ ਇਤਹਾਸਿਕ ਸਥਾਨ ਨਾਲ ਛੇੜ ਛਾੜ ਕਰਦਾ ਹੈ ਤਾਂ ਸ਼ਰਧਾਲੂ ਉਸ ਨੂੰ ਜੀਣ ਨਹੀ ਦਿੰਦੇ।

ਕਿਰਪਾਲ ਸਿੰਘ ਸਿੱਖ ਇਤਹਾਸਕਾਰਾਂ ਦੀ ਉਸ ਪਨੀਰੀ ਦਾ ਰੁੱਖ ਹੈ ਜਿਹੜੇ ਪ੍ਰੰਪਰਾ ਦੀ ਅਹਿਮੀਅਤ ਨਹੀ ਸਮਝਦੇ। ਭਾਈ ਜੇ ਸਿੱਖਾਂ ਦਾ ਅਸਥਾਨ ਨਹੀ ਸੀ ਤਾਂ ਸਿੱਖਾਂ ਨੂੰ ਕੀ ਜਰੂਰਤ ਪੈ ਗਈ ਕਿ ਹਸਨ ਅਬਦਾਲ ਦੇ ਪ੍ਰਵਾਰ ਕੋਲੋ ਉਸ ਅਸਥਾਨ ਦਾ ਕਬਜਾ ਲੈਂਦੇ?

ਅੱਜ ਅਜਿਹੇ ਲਿਖਾਰੀਆਂ ਨੂੰ ਸ਼੍ਰੋਮਣੀ ਕਮੇਟੀ ਜਿਹੀਆਂ ਸਿੱਖ ਜਥੇਬੰਦੀਆ ਸਨਮਾਨਤ ਕਰਕੇ ਸੰਗਤਾਂ ਨੂੰ ਕੀ ਸੁਨੇਹਾ ਦੇਣਾ ਚਾਹੁੰਦੀਆਂ ਹਨ? ਸਿਰਫ ਏਨਾਂ ਹੀ ਨਹੀ। ਇਕ ਘੱਗਾ ਨਾਂ ਦੇ ਲਿਖਾਰੀ ਨੇ ਪਿਛੇ ਕਿਤਾਬਾਂ ਲਿਖੀਆਂ ਜਿਸ ਵਿਚ ਉਸ ਨੇ ਇਥੋਂ ਤਕ ਕਹਿ ਦਿਤਾ ਕਿ "ਨਾਮ ਜੱਪਣ ਦਾ ਕੋਈ ਫਾਇਦਾ ਨਹੀ ਹੁੰਦਾ। ਅਖੇ ਜੇ ਨਾਮ ਜੱਪਣ ਨਾਲ ਹੀ ਕਲਿਆਣ ਹੁੰਦਾ ਹੋਵੇ ਤਾਂ ਗੁਰੂ ਅਰਜਨ ਦੇਵ ਨੂੰ ਸ਼ਹੀਦੀ ਨਾਂ ਦੇਣੀ ਪੈਂਦੀ। ਗੁਰੂ ਨਾਨਕ ਨੂੰ ਬਾਬਰ ਦੀ ਚੱਕੀ ਨਾਂ ਪੀਹਣੀ ਪੈਂਦੀ।" ਅਤੇ ਹਾਲਾਤ ਇਹ ਹਨ ਕਿ ਅਜਿਹੇ ਨਾਸਤਕ ਲਿਖਾਰੀਆਂ ਦੀਆਂ ਕਿਤਾਬਾਂ ਗੁਰਦੁਆਰਿਆਂ ਦੇ ਅਹਾਤੇ ਅੰਦਰ ਸਟਾਲ ਲਾ ਲਾ ਵੇਚੀਆਂ ਜਾਂਦੀਆਂ ਹਨ।

⊙ ਸਾਈਕਲ ਯਾਤਰੀ- 407 ਨੇ 24 ਹਾੜ ਲਿਖਿਆ ਹੈ ਪਰ ਭਾਈ ਕਾਨ ਸਿੰਘ ਨਾਭਾ ਨੇ ਲਿਖਿਆ ਹੈ ਕਿ ਇਸ ਮੁਆਤੱਕ ਖੋਜ ਬੀਨ ਹੋਈ ਹੈ ਤੇ ਤਾਰੀਖ ਪਹਿਲੀ ਸਾਵਣ ਤਸਦੀਕ ਹੋਈ ਹੈ। ਹੋ ਸਕਦੇ ਸਾਹਿਬ ਕਾਬੁਲ ਆਉਦੇ ਤੇ ਜਾਂਦੇ ਦੋਵੇ ਵੇਲੇ ਇਥੇ ਠਹਿਰੇ ਹੋਣ।

ਆਵਹਿ ਰੋਹਿ ॥ ਤੂ ਓਨਾ ਕਾ ਤੇਰੇ ਓਹਿ ॥੨॥ ਅਸੀ ਬੋਲਵਿਗਾੜ ਵਿਗਾੜਹ ਬੋਲ ॥ ਤੂ ਨਦਰੀ ਅੰਦਰਿ ਤੋਲਹਿ ਤੋਲ ॥ ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥੩॥ ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥ ਗੁਰ ਪਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪਰਵਾਣੁ ॥੪॥੩੦॥

ਇਲਾਕੇ ਵਿੱਚ ਇਹ ਖਬਰ ਜੰਗਲ ਦੀ ਅੱਗ ਦੀ ਤਰਾਂ ਫੈਲ ਗਈ। ਦੂਰੋਂ ਨੇੜਿਓਂ ਲੋਕ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਏ ਤੇ ਨਵੇਂ ਜਾਰੀ ਹੋਏ ਚਸ਼ਮੇ ਨੂੰ ਵੇਖ ਵਿਸਮਾਦ ਹੋਏ। ਲਗਦਾ ਇਥੇ ਗੁਰੂ ਸਾਹਿਬ ਕਈ ਦਿਨ ਰਹੇ।

ਪੀਰ ਵਲੀ ਕੰਧਾਰੀ ਤੇ ਹਸਨ ਅਬਦਾਲ ਕਈ ਸਾਲਾਂ ਤੱਕ ਲੋਕਾਂ ਨੂੰ ਸੰਤੋਖਦੇ ਰਹੇ ਤੇ ਗੁਰੂ ਸਾਹਿਬ ਦੀ ਸਿਖਿਆ ਕਿਰਤ ਕਰਨਾਂ ਵੰਡ ਛਕਣਾ ਤੇ ਨਾਮ ਜਪਣ ਦਾ ਸਿਧਾਂਤ ਇਥੇ ਪ੍ਰਚਲਤ ਰਿਹਾ। ਇਹ ਚਸ਼ਮਾ ਇਲਾਕੇ ਦੇ ਲੋਕਾਂ ਵਾਸਤੇ ਮੁਕੱਦਸ ਜਿਆਰਤ ਜਗ੍ਹਾ ਬਣ ਗਈ ਸੀ। ਸੋ ਇਸ ਅਸਥਾਨ ਦੀ ਸੇਵਾ ਹਸਨ ਅਬਦਾਲ ਦਾ ਪ੍ਰਵਾਰ ਸਿੱਖ ਰਾਜ ਵੇਲੇ ਤੱਕ ਕਰਦਾ ਰਿਹਾ। 18ਵੀ ਸਦੀ ਦੀਆਂ ਰਾਜਨੀਤਕ ਘਟਨਾਵਾਂ ਨੇ ਮੁਸਲਮਾਨਾਂ ਤੇ ਸਿੱਖਾਂ ਵਿਚ ਫਰਕ ਖੜਾ ਕਰ ਦਿੱਤਾ। ਸਿੱਖਾਂ ਨੂੰ ਬੁਰਾ ਲਗਣ ਲੱਗ ਗਇਆ ਕਿ ਉਹਨਾਂ ਦੇ ਪਵਿਤ੍ਰ ਅਸਥਾਨ ਤੇ ਕੰਟਰੋਲ ਮੁਸਲਮਾਨ ਪ੍ਰਵਾਰ ਦਾ ਹੈ।

ਫਿਰ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਹਰੀ ਸਿੰਘ ਨਲੂਆ ਨੇ ਮੁਸਲਮਾਨ ਪ੍ਰਵਾਰ ਜਿਹੜੇ ਸੇਵਾ ਕਰਦੇ ਸਨ ਉਨਾਂ ਨੂੰ ਪਿੰਡ ਵਾਹ ਅਤੇ ਪਿੰਡ ਬੁਰਹਾਨ ਵਿਖੇ ਚੋਖੀ ਜਮੀਨ ਦੇ ਕੇ ਅਸਥਾਨ ਦਾ ਪ੍ਰਬੰਧ ਸਿੱਖਾਂ ਦੇ ਹਵਾਲੇ ਕਰ ਦਿੱਤਾ।⊙

"ਗੁਰਦੁਆਰਾ ਪੰਜਾ ਸਾਹਿਬ ਦੇ ਵੱਡੇ ਦਰਵਾਜੇ ਦੇ ਸਾਹਮਣੇ ਡੇਢ ਸੌ ਗਜ਼ ਦੇ ਫਾਸਲੇ ਇੱਕ ਪੁਰਾਣੀ ਮਸਜਿਦ ਹੈ। ਉਸ ਮਸਜਿਦ ਹੇਠ ਇੱਕ ਭੋਰਾ ਹੈ। ਪੌੜੀਆਂ ਦੇ ਰਾਂਹੀ ਉਸ ਵਿੱਚ ਉਤਰੀਦਾ ਹੈ। ਉਸ ਭੋਰੇ ਦੇ ਵਿੱਚਕਾਰ ਇੱਕ ਥੜ੍ਹਾਂ ਬਣਿਆ ਹੋਇਆ ਹੈ। ਇਹ ਉਹ ਹੈ ਜਿੱਥੇ ਵਲੀ ਕੰਧਾਰੀ ਬੈਠ ਕੇ ਰਿਆਜਤ ਤਪ ਕਰਿਆ ਕਰਦਾ ਸੀ। ਇਸ ਮਸਜਿਦ ਦਾ ਨਾਮ ਹੀ ਹੈ 'ਚਿਲ੍ਹੇ ਵਾਲੀ ਮਸਜਿਦ' ਜਿਸ ਵਿੱਚ ਚਲੀਹਾ ਕੱਟਦਾ ਸੀ ਭਾਵ ਚਾਲੀ ਦਿਨ ਅੰਨ ਖਾਣ ਤੋਂ ਬਿਨਾਂ ਤਪ ਕਰਦਾ ਸੀ।"•

1820 ਵਿੱਚ ਇੱਕ ਜਰਮਨ ਯਾਤਰੀ ਵਿਲੀਅਮ ਫਿੰਚ ਜਦੋਂ ਹਸਨ ਅਬਦਾਲ ਆਇਆ ਤਾਂ ਉਹ ਵੀ ਇਥੋਂ ਦੀ ਸੰਗਤ ਤੇ ਸ਼ਰਧਾ ਵੇਖ ਕੇ ਪ੍ਰਸੰਨ ਹੋਇਆ। ਓਦੋਂ ਤੱਕ ਪੰਜਾ ਸਾਹਿਬ ਨੂੰ ਮੁਸਲਮਾਨ ਵੀ ਮੰਨਦੇ ਸਨ।

----◈-----

## ਪਿੰਡ ਕਾਮਰਾ ਵਿਖੇ ਚਸ਼ਮਾ ਜਾਰੀ ਕੀਤਾ ■

ਗੁਰੂ ਸਾਹਿਬ ਹਸਨ ਅਬਦਾਲ ਤੋਂ ਪੇਸ਼ਾਵਰ ਨੂੰ ਜਾ ਰਹੇ ਸਨ। ਰਸਤੇ ਵਿੱਚ ਇੱਕ ਥਾਂ ਲੋਕਾਂ ਨੇ ਗੁਰੂ ਸਾਹਿਬ ਅੱਗੇ ਆਪਣੀ ਤਕਲੀਫ ਦੱਸੀ ਕਿ ਇਥੇ ਦੂਰ ਦੂਰ ਵੀ ਕਿਤੇ ਪਾਣੀ ਦਾ ਸਾਧਨ ਨਹੀ ਹੈ। ਰਾਹੀਆਂ ਵਾਸਤੇ ਬਹੁਤ ਮੁਸ਼ਕਲ ਹੈ। ਓਦੋ ਫਿਰ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਫਲਾਣੀ ਥਾਂ ਖੋਦੋ। ਪੁੱਟਣ ਤੇ ਠੰਡੇ ਮਿੱਠੇ ਪਾਣੀ ਦਾ ਚਸ਼ਮਾ ਵੱਗ ਤੁਰਿਆ।



ਗੁਰਦਵਾਰਾ ਪਾ: ਪਹਿਲੀ ਨਸ਼ਹਿਰਾ। ਫੋਟੋ 1932 ਈ.-ਸਾਈਕਲ ਯਾਤਰੀ

3-4 ਸਦੀਆਂ ਲੋਕ ਇਸ ਪਾਣੀ ਦਾ ਲਾਭ ਉਠਾਂਦੇ ਰਹੇ। ਮੁਕਾਮੀ ਲੋਕ ਇਨੂੰ ਨਾਨਕ ਪੀਰ ਦਾ ਚਸ਼ਮਾ ਕਹਿ ਕੇ ਯਾਦ ਕਰਦੇ ਆਏ ਸਨ। ਪਿੱਛੇ 1930 ਈ ਦੇ ਨੇੜੇ ਚਸ਼ਮੇ ਦਾ ਪਾਣੀ ਥੋੜਾ ਨੀਵਾਂ ਹੋ ਗਿਆ। ਜਿਸ ਕਰਕੇ ਹੁਜਰੋ ਸ਼ਹਿਰ ਦੇ ਇੱਕ ਗੁਰਸਿੱਖ ਨੇ ਇਥੇ ਬਾਉਲੀ ਹੀ ਖੁਦਵਾ ਦਿੱਤੀ। ਫਿਰ ਲੋਕ ਇਨੂੰ ਖੰਡਾ ਖੂਹ ਦੇ ਨਾਂ ਨਾਲ ਸੰਬੋਧਨ ਕਰਦੇ ਆਏ ਨੇ। ਸਾਈਕਲ ਯਾਤਰੀ ਨੇ ਇਸ ਅਸਥਾਨ ਦੀ ਤਸਵੀਰ ਵੀ ਦਿੱਤੀ ਹੈ।

ਸਾਡਾ ਅੰਦਾਜ਼ਾ ਹੈ ਕਿ ਇਹ ਸਥਾਨ (ਨਕਸ਼ਾ ਸੂਚਕ: 33.88, 72.42) ਪਿੰਡ ਢੋਕ ਜੋਗੀਆਂ ਅਤੇ ਕਾਮਰਾ ਦੇ ਦਰਮਿਆਨ ਹੋਵੇਗਾ। ਭਾਵ ਹਸਨ ਅਬਦਾਲ ਤੋਂ 27-28 ਕਿ. ਮੀ ਪੱਛਮ। ਲਾਗੇ ਪਾਕਿਸਤਾਨੀ ਏਅਰ ਫੋਰਸ ਦੀ ਛਾਉਣੀ ਹੈ ਤੇ ਇਥੇ ਮਿਨਹਾਸ ਏਅਰਪੋਰਟ ਕਾਇਮ ਹੈ। ਫਿਰ ਵੀ ਸਥਾਨਕ ਵੀਰ ਹੀ ਖੰਡਾ ਖੂਹ ਬਾਉਲੀ ਦੀ ਅਸਲ ਨਿਸ਼ਾਨਦੇਹੀ ਕਰ ਸਕਦੇ ਹਨ।

ਇਸ ਤੋਂ ਅੱਗੇ ਸਾਹਿਬ ਨੇ ਕੋਈ 20 ਕੁ ਕਿ.ਮੀ. ਦਾ ਪੈਂਡਾ ਕਰਕੇ ਅਟਕ ਖੁਰਦ ਤੋਂ ਦਰਿਆ ਸਿੰਧ ਜਾਂ ਅਟਕ ਦਰਿਆ ਪਾਰ ਕੀਤਾ। ਕਾਬਲ ਦਰਿਆ ਦੇ ਨਾਲ ਨਾਲ ਚਲਦੇ ਹੋਏ 32 ਕਿ. ਮੀ. ਦਾ ਸਫਰ ਕਰਕੇ ਨਸ਼ੈਹਰਾ ਪਹੁੰਚੇ।

ਇਥੇ ਭਾਵ ਨਸ਼ੈਹਰੇ (ਪੁਰਾਣੇ) ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਵੀ ਹੁੰਦਾ ਸੀ ਜੋ ਸਰਦਾਰ ਹਰੀ ਸਿੰਘ ਨਲੂਆ ਨੇ ਬਣਵਾਇਆ ਸੀ। ਬਾਦ ਵਿੱਚ ਗੁਰਦੁਆਰਾ ਤਾਂ ਢਹਿ ਗਇਆ ਪਰ 1932 ਈ. ਵਿੱਚ ਓਥੇ ਮੰਦਰ ਬਣ ਗਿਆ। ਜੋ ਜਗੀਰ ਗੁਰਦੁਆਰੇ ਨੂੰ ਲਾਈ ਸੀ ਉਹ ਮੰਦਰ ਤੇ ਖਰਚ ਹੋਣੀ ਸ਼ੁਰੂ ਹੋ ਗਈ। ਤਸਵੀਰ ਵਿੱਚ ਜਿੱਥੇ ਰੁੱਖ ਨਜਰ ਆਉਦਾ ਹੈ ਓਥੇ ਗੁਰਦੁਆਰਾ ਸੀ। ਮੰਦਰ ਪਿੱਛੇ ਨਜਰ ਆ ਰਿਹਾ ਹੈ।

ਏਸੇ ਤਰਾਂ ਹੀ ਗੁਰੂ ਸਾਹਿਬ ਨੇ ਹੰਗੂ (ਫਰੰਟੀਅਰ ਪਾਕਿਸਤਾਨ) ਵਿਖੇ ਵੀ ਚਸ਼ਮਾ ਜਾਰੀ ਕੀਤਾ। ਜਿਸ ਬਾਬਤ ਸਾਨੂੰ ਇੰਟਰਨੈਟ ਦੀ ਯੂਟਿਊਬ ਚੈਨਲ ਤੋਂ ਪਤਾ ਲੱਗਾ। ਇਸ ਸਥਾਨ ਤੇ ਗੁਰੂ ਸਾਹਿਬ ਕਿਹੜੇ ਪਾਸਿਓ ਆਏ ਅਜੇ ਲੱਭਣਾ ਬਾਕੀ ਹੈ।◈ ----◈-----

ਪੈੜ ਸਰੋਤ
• ਪ੍ਰੋ. ਸਾਹਿਬ ਸਿੰਘ -177, ■ ਸਾਈਕਲ ਯਾਤਰੀ- 410
◈ ਹੰਗੂ ਵਿਖੇ ਚਸ਼ਮਾ ਜਾਰੀ ਕੀਤਾ ਸਾਹਿਬ ਨੇ https://www.youtube.com/watch?v=oo-VyHcg7oc

# "ਗ੍ਰਿਹਸਤ ਮਾਰਗ ਸਭ ਤੋਂ ਉੱਤਮ"

## ਗੋਰਖ ਹੱਟੜੀ ਪਹੁੰਚ ਗਇਆ ਗ੍ਰਿਸਤੀ ਬਾਬਾ

(1520 ਈ ਦੇ ਸਾਉਣ ਮਹੀਨੇ)


ਗੋਰਖ ਹੱਟੜੀ (ਗੋਰ-ਖੱਤਰੀ ਨਹੀ)

ਪੇਸ਼ਾਵਰ ਜਾਂ ਜਿਸ ਨੂੰ ਬਾਦਸ਼ਾਹ ਸਿਕੰਦਰ ਦੇ ਵੇਲਿਆਂ 'ਚ ਪੁਰਸ਼ਪੁਰ ਕਿਹਾ ਜਾਂਦਾ ਸੀ ਹਿੰਦੁਸਤਾਨ ਦੇ ਸਭ ਤੋਂ ਪੁਰਾਣੇ ਸ਼ਹਿਰਾਂ ਵਿੱਚੋਂ ਹੈ, ਇਹ ਹਿੰਦੁਸਤਾਨ ਨੂੰ ਪੱਛਮ ਨਾਲ ਜੋੜਨ ਵਾਲੇ ਦਰਵਾਜੇ ਦਰ੍ਹਾ ਖ਼ੈਬਰ ਤੇ ਮੌਜੂਦ ਹੈ। ਬਾਦਸ਼ਾਹ ਬਾਬਰ ਨੇ ਲਿਖਿਆ ਹੈ ਕਿ ਇਸ ਰਸਤੇ (ਕਾਬੁਲ ਰਾਂਹੀ) ਹਿੰਦੁਸਤਾਨੀ ਵਪਾਰੀ ਆਪਣਾ ਮਾਲ ਰੂਮ (ਰੋਮ) ਤੇ ਤੁਰਕੀ ਵਲ ਲੈ ਕੇ ਜਾਂਦੇ ਸਨ। ਔਸਤਨ 10,000 ਖੱਚਰਾਂ ਭਰ ਕੇ ਮਾਲ ਇਥੋਂ ਨਿਕਲਦਾ ਜਿਸ ਵਿੱਚ ਜਿਆਦਾਤਰ ਕਪੜਾ, ਖੰਡ, ਗਰਮ ਮਸਾਲੇ ਤੇ ਦਵਾਈਆਂ ਹੁੰਦੀਆਂ ਸਨ।

ਇਹ ਇਲਾਕਾ ਬੁੱਧਮੱਤ ਦਾ ਪ੍ਰਸਿੱਧ ਕੇਂਦਰ ਰਿਹਾ ਹੈ। ਇਥੇ ਹੀ ਸਭ ਤੋਂ ਵੱਡਾ ਸਤੂਪ ਮਹਾਰਾਜਾ ਕਨਿਸ਼ਕ ਨੇ ਬਣਵਾਇਆ ਸੀ। ਬੁੱਧਮੱਤ ਦੇ ਪਤਨ ਤੋਂ ਬਾਦ ਪੇਸ਼ਾਵਰ ਫਿਰ ਜੋਗਮਤ ਦਾ ਕੇਂਦਰ ਬਣ ਜਾਂਦਾ ਹੈ। ਯਾਦ ਰਹੇ ਜੋਗਮਤ ਤੇ ਬੁਧਮਤ ਵਿੱਚ ਵੱਡੀ ਸਮਾਨਤਾ ਹੈ। ਬੋਧੀਆਂ ਦੇ ਕੇਂਦਰਾਂ ਤੇ ਹੀ ਬਾਦ ਵਿੱਚ ਜੋਗੀਆਂ ਨੇ ਡੇਰੇ ਜਮਾ ਲਏ ਸਨ।

ਕਈ ਦੰਦ ਕਥਾਵਾਂ ਅਨੁਸਾਰ ਜੋਗਮਤ ਦੇ ਬਾਨੀਆਂ ਵਿੱਚੋਂ ਗੋਰਖਨਾਥ ਇਥੇ ਹੀ ਪੈਦਾ ਹੋਇਆ ਸੀ। ਇਥੇ ਪੇਸ਼ਾਵਰ ਵਿੱਚ ਹੀ ਪ੍ਰਸਿਧ 'ਗੋਰਖ-ਹੱਟੜੀ' ਮੌਜੂਦ ਹੈ⊙ ਜਿਸ ਦੇ ਦਰਸ਼ਨਾਂ ਲਈ ਬਾਦਸ਼ਾਹ ਬਾਬਰ ਪਹਿਲੀ ਵਾਰ 1505 ਵਿੱਚ ਆਇਆ ਤੇ ਗੁਫਾ ਅੰਦਰ ਜਾਣੋਂ ਡਰ ਗਿਆ। ਫਿਰ ਆਖਿਰ 1519 ਵਿੱਚ ਬਾਬਰ ਨੇ ਗੋਰਖ ਹੱਟੜੀ ਦੇ ਦਰਸ਼ਨ ਕੀਤੇ ਤੇ ਲਿਖਿਆ ਹੈ ਕਿ ਇਥੇ ਹਿੰਦੂਆਂ ਨੇ ਆਪਣੇ ਵਾਲ ਕੱਟ ਕੱਟ ਕੇ ਵਾਲਾਂ ਦੇ ਅੰਬਾਰ ਲਾਏ ਹੋਏ ਹਨ।

ਪਿਸ਼ਾਵਰ ਜਦੋਂ ਗੁਰੂ ਸਾਹਿਬ ਆਏ ਤਾਂ ਪਹਿਲਾਂ ਗੋਰਖ ਹੱਟੜੀ ਹੀ ਪਹੁੰਚੇ। ਜਿੱਥੇ ਸੈਂਕੜੇ ਜੋਗੀ ਬਿਰਾਜਮਾਨ ਸਨ। ਵਕਤ ਨਾਲ ਦੋ ਵੇਲੇ ਸਭ ਨੂੰ ਭੁਗਤ (ਭੋਜਨ) ਮਿਲਦੀ ਸੀ। ਇਥੋਂ ਦੇ ਮੱਠ ਕਾਫੀ ਅਮੀਰ ਸੀ ਤੇ ਮਹੰਤ ਦਾ ਹੁਕਮ ਸੀ ਕਿ ਜੇ ਕੋਈ ਮਜਬੂਰ ਗ੍ਰਿਸਤੀ ਬੰਦਾ ਵੀ ਆ ਜਾਵੇ ਭੁਗਤ ਉਹਨੂੰ ਵੀ ਦੇ ਦਿੱਤੀ ਜਾਵੇ।

ਜਦੋਂ ਭੁਗਤ ਵਰਤਾਉਣ ਲਗੇ ਤਾਂ ਗੁਰੂ ਸਾਹਿਬ ਨੂੰ ਜੋਗੀ ਨੇ ਪੁੱਛਿਆ ਕਿ ਤੁਸੀ ਗ੍ਰਿਹਸਤੀ ਹੋ ਕੇ ਸਾਧੂ? ਕੁਦਰਤੀ ਹੈ ਗ੍ਰਿਸਤੀ ਬੰਦੇ ਨੂੰ ਭੁਗਤ ਅਖੀਰ ਵਿਚ ਵਰਤਾਈ ਜਾਂਦੀ ਸੀ।

ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਮੈਂ ਚਕ੍ਰਵਰਤੀ ਗ੍ਰਿਸਤੀ ਹਾਂ।

ਜੋਗੀ ਨੂੰ ਬੜੀ ਉਤਸੁਕਤਾ ਹੋਈ। ਕਹਿਣ ਲਗਾ "ਤੁਸੀ ਬਿਨਾਂ ਕਿਸੇ ਸੰਪਰਦਾ ਦੀ ਦੀਕਸ਼ਾ ਲਏ ਘੁੰਮਦੇ ਫਿਰਦੇ ਰਹਿੰਦੇ ਹੋ?" ਗੁਰੂ ਸਾਹਿਬ ਨੇ ਕਿਹਾ, "ਹਾਂ।"

ਜੋਗੀ ਨੇ ਗੁਰੂ ਸਾਹਿਬ ਤੇ ਮਰਦਾਨੇ ਨੂੰ ਲੰਗਰ ਤਾਂ ਛਕਾ ਦਿੱਤਾ ਪਰ ਨਾਲ ਹੀ ਦੂਸਰੇ ਜੋਗੀਆਂ ਨੂੰ ਗੁਰੂ ਸਾਹਿਬ ਬਾਰੇ ਜਾ ਦੱਸਿਆ ਕਿ ਇੱਕ ਅਲੌਕਿਕ ਹੀ ਕਿਸਮ ਦਾ ਸਾਧੂ ਆਇਆ ਹੈ। ਨਾਂ ਉਹ ਹਿੰਦੂ ਹੈ ਨਾਂ ਮੁਸਲਮਾਨ। ਪੁੱਛਿਆ ਹੈ ਤਾਂ ਕਹਿੰਦਾ ਹੈ ਕਿ ਗ੍ਰਿਸਤੀ ਬੰਦਾ ਹਾਂ ਪਰ ਨਾਲ ਪਤਾ ਲੱਗਾ ਪੂਰਾ ਹਿੰਦੁਸਤਾਨ ਘੁੰਮ ਆਇਆ ਹੈ। ਭਾਵ ਰਹਿੰਦਾ ਸਾਧੂਆਂ ਵਾਗੂ ਸਦਾ ਘੁੰਮਦਾ ਪਰ ਕਿਸੇ ਵੀ ਸੰਪਰਦਾ ਨਾਲ ਨਹੀ ਜੁੜਿਆ ਹੋਇਆ। ਜੋਗੀਆਂ ਦਾ ਮਨ ਖਿੜ ਉਠਿਆ ਕਿ ਮੌਕਾ ਮਿਲਿਆ ਇੱਕ ਦੋ ਹੋਰ ਲੋਕਾਂ ਨੂੰ ਜੋਗ ਦੀ ਦੀਖਿਆ ਦੇਣ ਦਾ।



ਸੂਬਾ ਖ਼ੈਬਰ ਪਖ਼ਤੂਨਖ਼ਵਾ ਦੀ ਤਹਿਸੀਲ ਗੋਰ-ਖਤਰੀ ਦੇ ਮੰਦਿਰ ਦੀ ਖੁਦਾਈ ਦੇ ਦੌਰਾਨ ਮਿਲੇ ਸਮਾਰਕ ਤੇ ਸਾਈਨ ਬੋਰਡ।

ਜਦੋਂ ਪੇਸ਼ਾਵਰ ਵਿਚ ਜੋਗੀ ਹੀ ਨਾਂ ਰਹੇ ਤਾਂ ਫਿਰ ਲੋਕਾਂ ਨੂੰ ਕੀ ਪਤਾ ਲਗਣਾ ਕਿ ਗੋਰ-ਖੱਤਰੀ ਨਹੀ ਗੋਰਖ ਹੱਟੜੀ ਹੁੰਦੈ।

ਪ੍ਰਸਿੱਧ ਜੋਗੀ ਅਸਥਾਨ ਪੇਸ਼ਾਵਰ ਦਾ ਗੋਰਖ ਹੱਟੜੀ। ਜਿਥੇ ਗੁਰੂ ਜੀ ਵੀ ਗਏ ਤੇ ਬਾਬਰ ਬਾਦਸ਼ਾਹ ਦੋ ਵਾਰੀ ਆਇਆ।

ਭੁਗਤ ਛਕਣ ਤੋਂ ਬਾਦ ਫਿਰ ਜੋਗੀ ਲੋਕ ਗੁਰੂ ਸਾਹਿਬ ਦੁਆਲੇ ਹੋ ਗਏ। ਗ੍ਰਿਹਸਤ ਨੂੰ ਭੰਡਣ ਲਗ ਪਏ। ਕਹਿਣ ਲਗੇ ਗ੍ਰਿਹਸਤੀ ਬੰਦਾ ਕਦੀ ਰੂਹਾਨੀਅਤ ਦੀ ਉੱਚਾਈ ਨਹੀ ਛੂਹ ਸਕਦਾ ਕਿਉਕਿ ਉਹ ਪ੍ਰਵਾਰਕ ਜਾਲ ਵਿੱਚ ਫਸਿਆ ਹੁੰਦਾ ਹੈ। ਸਾਹਿਬ ਨੂੰ ਉਪਦੇਸ਼ ਦੇਣ ਲੱਗ ਗਏ ਕਿ ਜੋਗ ਚਾਹੁੰਦੇ ਹੋ ਤਾਂ ਕਿਸੇ ਸੰਪਰਦਾ ਕੋਲੋ ਦੀਖਿਆ ਲਵੋ।

ਗੁਰੂ ਸਾਹਿਬ ਨੇ ਗ੍ਰਿਹਸਤ ਦਾ ਪੱਖ ਲਿਆ ਅਤੇ ਕਿਹਾ ਇਹ ਕਿਸ ਤਰਾਂ ਹੋ ਸਕਦਾ ਹੈ? ਕਿਉਕਿ ਸਾਧੂ ਫਕੀਰ ਤਾਂ ਗ੍ਰਿਹਸਤੀ ਦੇ ਘਰ ਹੀ ਜਾ ਡਿੱਗਦੇ ਹਨ ਜਦੋਂ ਭੁੱਖ ਲਗਦੀ ਹੈ ਤਾਂ। ਇਹ ਤਾਂ ਵੱਡੇ ਤਾਹਨੇ ਵਾਲੀ ਗੱਲ ਹੋ ਗਈ ਕਿ ਦੇਣ ਵਾਲਾ ਪਾਪੀ ਤੇ ਲੈਣ ਵਾਲਾ ਪੁੰਨੀ! ਜੋਗੀਆਂ ਨੂੰ ਇਸ ਗੱਲ ਤਾਂ ਜਵਾਬ ਨਾਂ ਓੜਿਆ।

ਪੈੜ ਸਫ਼ਾ

⊙ **ਗੋਰਖ ਹੱਟੜੀ ਗੋਰ ਖੱਤਰੀ ਨਹੀ।** ਕਿਉਕਿ ਪੇਸ਼ਾਵਰ ਵਿਚ ਜੋਗੀ ਤਾਂ ਬਚੇ ਹੀ ਨਹੀ। ਪਿਸ਼ੌਰੀਆਂ ਨੂੰ ਕੀ ਪਤਾ ਕਿ ਗੋਰਖ ਕੀ ਹੁੰਦਾ? ਤੇ ਪਸ਼ਤੋ ਬੋਲਣ ਵਾਲੇ ਕੀ ਸਮਝਣ ਕਿ ਦੁਕਾਨ ਜਦੋਂ ਪੰਜਾਬ ਵਿਚ ਖੋਲੀਦੀ ਹੈ ਤਾਂ ਉਹ ਹੱਟੀ ਬਣ ਜਾਂਦੀ ਹੈ। ਨਾਲੇ ਜਦੋਂ ਇਕ ਅੰਗਰੇਜ ਐਚ ਏ ਰੋਜ਼ ਪੇਸ਼ਾਵਰ ਗਇਆ ਤਾਂ ਇਕ ਪਠਾਣ ਨੇ ਉਨੂੰ ਗਾਈਡ ਕੀਤਾ ਕਿ ਇਹ 1000 ਸਾਲ ਪੁਰਾਣਾ ਸਥਾਨ ਹੈ ਗੋਰ- ਖੱਤਰੀ: ਗੋਰ ਮਾਇਨੇ ਕਬਰ। ਨਤੀਜਾ ਇਹ ਨਿਕਲਿਆ ਕਿ ਅੱਜ ਪੁਰਾਤਤਵ ਵਾਲਿਆਂ ਵੀ ਇਹਨੂੰ ਗੋਰ ਖੱਤਰੀ ਹੀ ਲਿਖਣਾ ਸ਼ੁਰੂ ਕਰ ਦਿੱਤਾ ਹੈ। ਕੁਝ ਇਸ ਤਰਾਂ ਵਿਗੜਦਾ ਹੈ ਇਤਹਾਸ।

ਝੱਟ ਇੱਕ ਜਣਾ ਕਹਿਣ ਲੱਗਾ ਕਿ ਕਿਤੇ ਤੁਸੀ ਗੁਰੂ ਨਾਨਕ ਦੇ ਚੇਲੇ ਤਾਂ ਨਹੀ ਹੋ?

ਮਰਦਾਨਾ ਹੱਸ ਪਿਆ। ਕਹਿਣ ਲੱਗਾ ਸਵਾਮੀ ਜੀ ਇਹ ਖੁਦ ਗੁਰੂ ਨਾਨਕ ਸਾਹਿਬ ਹੀ ਨੇ। ਆਸ਼ਰਮ ਵਿੱਚ ਇੱਕ ਦਮ ਰੌਲਾ ਪੈ ਗਇਆ, "ਗੁਰੂ ਨਾਨਕ ਇਥੇ ਆਇਆ ਜੇ।" "ਗੁਰੂ ਨਾਨਕ ਆਇਆ ਜੇ।" ਸਭ ਆਦੇਸ ਆਦੇਸ ਹੀ ਕਰੀ ਜਾਣ ਬਾਬੇ ਨੂੰ।

ਬਾਬਾ ਜੀ ਕੋਲੋ ਗੱਲਾਂ ਪੁੱਛਣੀਆਂ ਸ਼ੁਰੂ ਕਰ ਦਿੱਤੀਆਂ ਕਿ ਬਾਬਾ ਜੀ ਸੁਣਿਐ ਤੁਸੀ ਪੂਰੇ ਹਿੰਦੁਸਤਾਨ ਦਾ ਚੱਕਰ ਲਾ ਚੁੱਕੇ ਹੋ। ਮਰਦਾਨੇ ਨੇ ਦੱਸਿਆ ਕਿ ਗੁਰੂ ਸਾਹਿਬ ਹੁਣੇ ਹੁਣੇ ਸੁਮੇਰ ਪਰਬਤ ਵੀ ਗਾਹ ਆਏ ਨੇ।

ਹਰ ਜੋਗੀ ਉਤਸੁਕ ਹੋਇਆ ਗੁਰੂ ਸਾਹਿਬ ਕੋਲੋਂ ਵੱਖ ਵੱਖ ਥਾਵਾਂ ਦੀ ਜਾਣਕਾਰੀ ਲੈ ਰਿਹਾ ਸੀ। ਇੱਕ ਦਿਨ ਤਾਂ ਬਸ ਜਾਣਕਾਰੀ ਵਾਲੀ ਗੱਲਾਂ ਬਾਤਾਂ ਵਿੱਚ ਨਿਕਲ ਗਿਆ।

ਅਗਲੇ ਦਿਨ ਫਿਰ ਸਭਾ ਜੁੜੀ। ਹੁਣ ਜੋਗੀਆਂ ਨੇ ਰੂਹਾਨੀਅਤ ਨਾਲ ਸਬੰਧਿਤ ਮਸਲੇ ਪੁੱਛਣੇ ਸ਼ੁਰੂ ਕਰ ਦਿੱਤੇ। ਕਲ ਵਾਲੇ ਜੋਗੀ ਨੇ ਫਿਰ ਸਵਾਲ ਕਰ ਦਿੱਤਾ ਕਿ ਇੱਕ ਗ੍ਰਿਹਸਤੀ ਬੰਦਾ ਕਿਵੇ ਨਿਰੰਕਾਰ ਨਾਲ ਜੁੜ ਸਕਦਾ ਹੈ?

ਸਾਹਿਬ ਨੇ ਸਮਝਾਇਆ ਕਿ ਹਾਂ ਗ੍ਰਿਹਸਤ ਵਿੱਚ ਰਹਿ ਕੇ ਵੀ ਬੰਦਾ ਨਿਰੰਕਾਰ ਦੇ ਅੰਗ ਸੰਗ ਚੜ੍ਹਦੀ ਕਲਾ ਵਿੱਚ ਵਿਚਰ ਸਕਦਾ ਹੈ। ਬਸ ਸੰਜਮ ਵਿੱਚ ਰਹੇ। ਜੀਵਨ ਦਾ ਉਨੂੰ ਗਿਆਨ ਹੋਵੇ। ਵੰਡ ਕੇ ਛਕੇ।

ਗੁਰੂ ਸਾਹਿਬ ਤੇ ਮਰਦਾਨੇ ਨੇ ਰਾਮਕਲੀ ਵਿੱਚ ਵਾਰ ਛੇੜ ਦਿੱਤੀ:-

ਮਃ ੧ ॥ ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥ ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥ ਬੋਲੈ ਈਸਰੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੨॥ ਮਃ ੧ ॥ ਸੋ ਅਉਧੂਤੀ ਜੋ ਧੂਪੈ ਆਪੁ ॥ ਭਿਖਿਆ ਭੋਜਨੁ ਕਰੈ ਸੰਤਾਪੁ ॥ ਅਉਹਠ ਪਟਣ ਮਹਿ ਭੀਖਿਆ ਕਰੈ ॥ ਸੋ ਅਉਧੂਤੀ ਸਿਵ ਪੁਰਿ ਚੜੈ ॥ ਬੋਲੈ ਗੋਰਖੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੩॥ ਮਃ ੧ ॥ ਸੋ ਉਦਾਸੀ ਜਿ ਪਾਲੇ ਉਦਾਸੁ ॥ ਅਰਧ ਉਰਧ ਕਰੇ ਨਿਰੰਜਨ ਵਾਸੁ ॥ ਚੰਦ ਸੂਰਜ ਕੀ ਪਾਏ ਗੰਢਿ ॥ ਤਿਸੁ ਉਦਾਸੀ ਕਾ ਪੜੈ ਨ ਕੰਧੁ ॥ ਬੋਲੈ ਗੋਪੀ ਚੰਦੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੪॥ ਮਃ ੧ ॥ ਸੋ ਪਾਖੰਡੀ ਜਿ ਕਾਇਆ ਪਖਾਲੇ ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ ॥ ਸੁਪਨੈ ਬਿੰਦੁ ਨ ਦੇਈ ਝਰਣਾ ॥ ਤਿਸੁ ਪਾਖੰਡੀ ਜਰਾ ਨ ਮਰਣਾ ॥ ਬੋਲੈ ਚਰਪਟੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੫॥ ਮਃ ੧ ॥ ਸੋ ਬੈਰਾਗੀ ਜਿ ਉਲਟੇ ਬ੍ਰਹਮੁ ॥ ਗਗਨ ਮੰਡਲ ਮਹਿ ਰੋਪੈ ਥੰਮੁ ॥ ਅਹਿਨਿਸਿ ਅੰਤਰਿ ਰਹੈ ਧਿਆਨਿ ॥ ਤੇ ਬੈਰਾਗੀ ਸਤ ਸਮਾਨਿ ॥ ਬੋਲੈ ਭਰਥਰਿ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੬॥ ਮਃ ੧ ॥ ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ ॥ ਕੰਨ ਪੜਾਇ ਕਿਆ ਖਾਜੈ ਭੁਗਤਿ ॥ ਆਸਤਿ ਨਾਸਤਿ ਏਕੋ ਨਾਉ ॥ ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥ ਧੂਪ ਛਾਵ ਜੇ ਸਮ ਕਰਿ ਸਹੈ ॥ ਤਾ ਨਾਨਕੁ ਆਖੈ ਗੁਰੁ ਕੋ ਕਹੈ ॥ ਛਿਅ ਵਰਤਾਰੇ ਵਰਤਹਿ ਪੂਤ ॥ ਨਾ ਸੰਸਾਰੀ ਨਾ ਅਉਧੂਤ ॥ ਨਿਰੰਕਾਰਿ ਜੋ ਰਹੈ ਸਮਾਇ ॥ ਕਾਹੇ ਭੀਖਿਆ ਮੰਗਣਿ ਜਾਇ ॥੭॥ ਪਉੜੀ ॥ ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥ ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥ ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥ ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥ ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥੧੨॥ ਮਃ ੧ ॥ ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ ॥ ਕੰਨ ਪੜਾਇ ਕਿਆ ਖਾਜੈ ਭੁਗਤਿ ॥ ਆਸਤਿ ਨਾਸਤਿ ਏਕੋ ਨਾਉ ॥ ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥ ਧੂਪ ਛਾਵ ਜੇ ਸਮ ਕਰਿ ਸਹੈ ॥ ਤਾ ਨਾਨਕੁ ਆਖੈ ਗੁਰੁ ਕੋ ਕਹੈ ॥ ਛਿਅ ਵਰਤਾਰੇ ਵਰਤਹਿ ਪੂਤ ॥ ਨਾ ਸੰਸਾਰੀ ਨਾ ਅਉਧੂਤ ॥ ਨਿਰੰਕਾਰਿ ਜੋ ਰਹੈ ਸਮਾਇ ॥ ਕਾਹੇ ਭੀਖਿਆ ਮੰਗਣਿ ਜਾਇ ॥੭॥ ਪਉੜੀ ॥ ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥ ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥ ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥ ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥ ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥੧੨॥

ਸਾਹਿਬ ਨੇ ਕਿਹਾ ਓਏ ਵੀਰ ਜੋਗਿਓ, ਤੁਸੀ ਕੰਨ ਵਿੰਨੇ ਨੇ, ਜੇ ਵਿੰਨਣਾ ਹੀ ਹੈ ਤਾਂ ਆਪਣੇ ਹਿਰਦਿਆਂ ਨੂੰ ਵਿੰਨੋ। ਰਸਮਾਂ ਨਾਂ ਕਰੋ। ਸੱਚ ਮੁੱਚ ਮੌਤ ਨੂੰ ਯਾਦ ਰੱਖੋ। ਕੰਟਰੋਲ ਕਰਨਾਂ ਹੈ ਤਾਂ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਤੇ ਕਰੋ। ਤੇ ਸਭ ਤੋਂ ਜਰੂਰੀ ਗੱਲ: ਸ਼ਬਦ ਰਾਂਹੀ ਨਿਰੰਕਾਰ ਦੀ ਸਿਫਤ ਸਲਾਹ ਕਰੋ। ਐਂਵੇ ਨਾਂ ਗੂੰਗੇ ਬਣੇ ਬਗਲਾ ਸਮਾਧੀ ਲਾਇਆ ਕਰੋ।

ਗੁਰੂ ਸਾਹਿਬ ਤੇ ਮਰਦਾਨੇ ਨੇ ਸ਼ਬਦ ਗਾਵਿਆ:-

ਗਉੜੀ ਚੇਤੀ ਮਹਲਾ ੧ ॥ ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ ॥ ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ ॥੧॥ ਜੋਗ ਜੁਗਤਿ ਇਵ ਪਾਵਸਿਤਾ ॥ ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ ॥੧॥ ਰਹਾਉ ॥ ਮੂੰਡਿ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ ॥ ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ ॥੨॥ ਕਰਿ ਪਟੰਬੁ ਗਲੀ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ ॥ ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ ਧਾਵਸਿਤਾ ॥੩॥ ਜਪਸਿ ਨਿਰੰਜਨੁ ਰਚਸਿ ਮਨਾ ॥ ਕਾਹੇ ਬੋਲਹਿ ਜੋਗੀ ਕਪਟੁ ਘਨਾ ॥੧॥ ਰਹਾਉ ॥ ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ ॥ ਪ੍ਰਣਵਤਿ ਨਾਨਕੁ ਨਾਗੀ ਦਾਝੈ ਫਿਰਿ ਪਾਛੈ ਪਛੁਤਾਣੀਤਾ ॥੪॥੩॥੧੫॥

ਇਕ ਜੋਗੀ ਬੋਲ ਉਠਿਆ ਬਾਬਾ ਜੀ ਉਹ ਸ਼ਬਦ ਸੁਣਾਓ: 'ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥' ਗੁਰੂ ਸਾਹਿਬ ਨੇ ਕਿਹਾ ਉਹ ਸਵੇਰੇ ਸਹੀ। ਰਾਗ ਆਸਾ ਵਿੱਚ ਤੁਹਾਨੂੰ ਸੁਣਾਵਾਂਗੇ।

ਪਿਸ਼ਾਵਰ ਵਿੱਚ ਇਸ ਪ੍ਰਕਾਰ ਗੁਰੂ ਸਾਹਿਬ ਕੋਈ ਹਫਤਾ ਦੋ ਹਫਤੇ ਰੁਕੇ ਤੇ ਜਿੰਨੇ ਵੀ ਪੰਜਾਬੀ ਵਪਾਰੀ ਸਨ ਸਭ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਢੁਕੇ। ਸਭ ਪਾਸੇ ਧੰਨ ਗੁਰੂ ਨਾਨਕ, ਧੰਨ ਬਾਬਾ ਨਾਨਕ ਹੋ ਰਹੀ ਸੀ।

ਬਹੁਤੇ ਜੋਗੀ ਗੁਰੂ ਸਾਹਿਬ ਨਾਲ ਜਾਣ ਨੂੰ ਤਿਆਰ ਹੋ ਗਏ। ਗੁਰੂ ਸਾਹਿਬ ਨੇ ਫਰਮਾਇਆ ਕਿ ਨਹੀ ਆਪੋ ਆਪਣਿਆਂ ਟਿਕਾਣਿਆਂ ਤੋ ਲੋਕਾਈ ਨੂੰ ਨਿਰੰਕਾਰ ਦੇ ਨਾਮ ਨਾਲ ਜੋੜੋ। ਫਿਰ ਵੀ ਕੁਝ ਜੋਗੀ ਗੁਰੂ ਸਾਹਿਬ ਨਾਲ ਹੋ ਤੁਰੇ।



ਗੁਰਦੁਆਰਾ ਗੁਰਹੱਟੜੀ ਪੇਸ਼ਾਵਰ (ਧਰਮਸਾਲਾ ਬਾਬਾ ਸ੍ਰੀ ਚੰਦ)। ਮੂਲ ਵਿਚ ਅਬਦੁਲ ਰਹਿਮਾਨ ਦਾ ਘਰ। ਅੱਜ ਇਸ ਅਸਥਾਨ ਦਾ ਮੁੱਖ ਗੇਟ ਹੀ ਬਚਿਆ ਹੈ। ਗੁਰਦੁਆਰਾ ਢਾਹ ਕੇ ਓਥੇ ਸਕੂਲ ਬਣਾ ਦਿੱਤਾ ਗਇਆ ਹੈ।(ਫੋਟੋ ਇਕਬਾਲ ਕੈਸਰ)

ਸਾਈਕਲ ਯਾਤਰੀ- 412 ਨੇ ਇਸ ਗੋਰਖ ਹੱਟੜੀ ਗੁਰਦੁਆਰਾ ਸਾਹਿਬ ਦੀ ਬੜੀ ਦਰਦਨਾਕ ਤਸਵੀਰ ਖਿੱਚੀ ਹੈ। ਸੰਨ 1982 ਬਿ. (1925 ਈ.) ਨੂੰ ਸਰਕਾਰ ਨੇ ਹੁਕਮ ਦਿੱਤਾ ਸੀ ਕਿ ਜਿਹੜਾ ਵੀ ਇਸ ਗੁਰਦੁਆਰੇ ਅੰਦਰ ਜਾਏਗਾ ਉਨੂੰ 600 ਰੁਪਏ ਜੁਰਮਾਨਾ। ਕਾਰਨ ਇਹ ਕਿ ਓਦੋਂ ਸਿੱਖ ਅਤੇ ਸ੍ਰੀ ਚੰਦੀਏ ਹਿੰਦੂਆਂ ਦਰਮਿਆਨ ਝਗੜਾ ਹੋ ਗਇਆ ਸੀ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਲੈ ਕੇ ਜਿਸ ਕਾਰਨ ਦੋਵਾਂ ਧਿਰਾਂ ਦੇ 11 -11 ਬੰਦੇ ਗ੍ਰਿਫਤਾਰ ਕੀਤੇ ਗਏ। ਸਰਕਾਰ ਨੇ ਫਿਰ ਗੁਰਦੁਆਰਾ ਸਾਹਿਬ ਵਿੱਚ ਦਾਖਲੇ ਤੇ ਪਾਬੰਦੀ ਲਾ ਦਿੱਤੀ ਸੀ। ਸੰਗਤਾਂ ਬਾਹਰੋ ਹੀ ਮੱਥਾ ਟੇਕਿਆਂ ਕਰਦੀਆਂ ਸਨ।

## ਅਬਦੁਲ ਰਹਿਮਾਨ ਨੂੰ ਜੋੜਾ ਬਖਸ਼ਿਆ

ਪੇਸ਼ਾਵਰ ਗੁਰੂ ਸਾਹਿਬ ਪ੍ਰਸਿੱਧ ਚਮੜਾ ਵਪਾਰੀ ਅਬਦੁਲ ਰਹਿਮਾਨ ਦੇ ਘਰ ਰੁਕੇ ਸਨ। ਰਹਿਮਾਨ ਨੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਗੁਰੂ ਸਾਹਿਬ ਨੂੰ ਵਧੀਆ ਜੋੜਾ ਜੁੱਤੇ ਨਾਲ ਪਹਿਨਾਏ। ਰਹਿਮਾਨ ਨੇ ਸਾਹਿਬ ਦਾ ਪੁਰਾਣਾ ਜੋੜਾ ਗੁਰੂ ਸਾਹਿਬ ਕੋਲੋ ਮੰਗ ਲਿਆ ਜੋ ਗੁਰੂ ਸਾਹਿਬ ਨੇ ਉਹਦੀ ਸੇਵਾ ਤੋਂ ਪ੍ਰਸੰਨ ਹੋ ਕੇ ਉਨੂੰ ਬਖਸ਼ ਦਿੱਤਾ। ਇਹ ਜੋੜਾ ਚਾਰ ਪੀੜੀਆਂ ਰਹਿਮਾਨ ਦੇ ਪ੍ਰਵਾਰ ਕੋਲ ਰਿਹਾ।

ਰਹਿਮਾਨ ਦੀ ਚੌਥੀ ਪੀੜੀ ਵਿੱਚੋਂ ਰਹੀਮ ਖਾਂ ਉਹ ਜੋੜਾ ਹੋਤੀ ਮਰਦਾਨ ਲੈ ਕੇ ਗਿਆ। ਓਥੇ ਮੋਤਾ ਸਿੰਘ ਕੋਲ ਜੋੜਾ ਅਮਾਨਤ ਦੇ ਤੌਰ ਤੇ ਰੱਖ ਕੇ ਕਿਤੇ ਗਇਆ ਤੇ ਮੁੜ ਜੋੜਾ ਲੈਣ ਨਾਂ ਪਰਤਿਆ। 1934 ਵਿੱਚ ਇਹ ਜੋੜਾ ਪਟਿਆਲਾ ਵਿਖੇ ਗੁਰਬਖਸ਼ ਸਿੰਘ ਦੇ ਘਰ ਮੌਜੂਦ ਸੀ।

ਅਬਦੁਲ ਰਹਿਮਾਨ ਸਿੱਖੀ ਦਾ ਵੱਡਾ ਸ਼ਰਧਾਲੂ ਸੀ। ਬਾਬਾ ਸ੍ਰੀ ਚੰਦ ਨੇ ਰਹਿਮਾਨ ਦੇ ਘਰ ਵਾਲੀ ਥਾਂ ਤੇ ਧਰਮਸਾਲਾ ਬਣਵਾ ਦਿੱਤੀ ਜਿਹੜੀ 1947 ਤੱਕ ਤਾਂ ਮੌਜੂਦ ਰਹੀ। ਬਾਦ ਵਿੱਚ ਪਾਕਿਸਤਾਨ ਸਰਕਾਰ ਨੇ ਇਥੇ ਸਕੂਲ ਬਣਾ ਲਿਆ ਹੈ। ਧਰਮਸਾਲਾ ਦਾ ਪੁਰਾਤਾਨ ਮੁੱਖ ਦਰਵਾਜਾ ਅੱਜ ਵੀ ਮੌਜੂਦ ਹੈ। ⊙

## ਪਟਿਆਲੇ ਕਿਵੇ ਪਹੁੰਚਿਆ ਪਵਿਤ੍ਰ ਜੋੜਾ ■

ਅਬਦੁਲ ਰਹਿਮਾਨ ਖਾਂਨ ਉਸ ਜੋੜੇ ਦੇ ਦਰਸ਼ਨ ਸਵਾ ਰੁਪਿਆ ਲੈ ਕੇ ਕਰਵਾਇਆ ਕਰਦਾ ਸੀ। ਰਹਿਮਾਨ ਦੇ 4 ਪੁੱਤ੍ਰ ਸਨ। ਉਹਦੇ ਗੁਜਰਨ ਉਪਰੰਤ ਜਦੋਂ ਪੁੱਤਰਾਂ ਵਿੱਚ ਵੰਡ ਪਈ ਤਾਂ ਤਿੰਨ ਪੁੱਤਰਾਂ ਨੇ ਵਪਾਰ ਦਾ ਕੰਮ ਸਾਂਭਿਆ ਤੇ ਚੌਥੇ ਸਭ ਤੋਂ ਛੋਟੇ ਪੁੱਤਰ ਦੇ ਹਿੱਸੇ ਉਹ ਜੋੜਾ ਆ ਗਿਆ। ਜੋ ਇਲਾਕੇ ਵਿੱਚ ਦਰਸ਼ਨ ਕਰਾ ਆਪਣਾ ਗੁਜਾਰਾ ਕਰਦਾ ਸੀ। ਇਸੇ ਤਰਾਂ ਫਿਰ ਉਹਦੀਆਂ ਅਗਲੀਆਂ ਪੀੜੀਆਂ ਵਿੱਚੋਂ ਵੀ ਇੱਕ ਇੱਕ ਪੁੱਤਰ ਇਹੋ ਕੰਮ ਕਰਦਾ ਰਿਹਾ।

ਇਕ ਵੇਰਾਂ ਇਸ ਖਾਨਦਾਨ ਦਾ ਇੱਕ ਬਜੁਰਗ ਪਠਾਣ ਉਹ ਜੋੜਾ ਪੇਸ਼ਾਵਰ ਦੇ ਚੜ੍ਹਦੇ ਪਾਸੇ 60 ਕਿ. ਮੀ ਪਿੰਡ ਹੋਤੀ ਮਰਦਾਨ ਲੈ ਆਇਆ। ਜੋੜੇ ਦੇ ਦਰਸ਼ਨ ਕਰਾਉਦਾ ਹੋਇਆ ਉਹ ਪ੍ਰਸਿੱਧ ਗੁਰ ਸੰਤ ਬਾਬਾ ਮੋਤਾ ਸਿੰਘ ਦੇ ਡੇਰੇ ਆ ਵੜਿਆ। ਗੁਰੂ ਸਾਹਿਬ ਦੇ ਪ੍ਰੇਮੀ ਮੋਤਾ ਸਿੰਘ ਨੇ ਪਠਾਣ ਨੂੰ ਸਵਾ ਰੁਪਿਆ ਦਿੱਤਾ ਤੇ ਨਾਲ ਹੀ ਕਿਹਾ ਕਿ ਬੇਸ਼ੱਕ ਮੈਨੂੰ ਦੋਵੇ ਵਕਤ ਦਰਸ਼ਨ ਕਰਾ ਦਿਆ ਕਰ ਤੇ ਸਵਾ ਸਵਾ ਰੁਪਿਆ ਲੈ ਲਿਆ ਕਰ। ਬਜੁਰਗ ਪਠਾਣ ਨੂੰ ਇਸ ਤਰਾਂ ਕਰਨਾਂ ਸੌਖਾ ਲੱਗਿਆ ਤੇ ਉਹ ਦੋਵੇ ਵਕਤ ਸੰਤ ਜੀ ਨੂੰ ਦਰਸ਼ਨ ਕਰਾਇਆ ਕਰੇ।

ਹੌਲੀ ਹੌਲੀ ਪਠਾਣ ਏਨਾ ਆਲਸੀ ਹੋ ਗਇਆ ਕਿ ਉਸ ਨੇ ਜੋੜਾ ਸੰਤਾਂ ਪਾਸ ਹੀ ਛੱਡ ਦਿੱਤਾ ਤੇ ਗਾਹੇ ਬਿਗਾਹੇ ਆ ਆਪਣੀ ਮਾਇਆ ਲੈ ਜਾਇਆ ਕਰੇ। ਇੱਕ ਵੇਰਾਂ ਕੁਝ ਸਮਾਂ ਜਦੋਂ ਪਠਾਣ ਪਰਤਿਆ ਨਾਂ ਤਾਂ ਪਤਾ ਲੱਗਾ ਕਿ ਉਹ ਤਾਂ ਚੜ੍ਹਾਈ ਹੀ ਕਰ ਗਇਆ ਹੈ।

ਇਸ ਪ੍ਰਕਾਰ ਜੋੜਾ ਸਾਹਿਬ ਸੰਤ ਮੋਤਾ ਸਿੰਘ ਪਾਸ ਹੀ ਰਹਿ ਗਿਆ। ਇਹ 1880-90 ਈ ਦੀਆਂ ਗੱਲਾਂ ਹੋਣੀਆਂ ਨੇ।

ਸੰਤ ਮੋਤਾ ਸਿੰਘ ਦਾ ਅੰਮ੍ਰਿਤਸਰ ਦੇ ਭਾਈ ਮੰਨਾ ਸਿੰਘ ਜੋ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਪੁਸਤਕਾਂ ਦੇ ਉਤਾਰੇ ਕਰਿਆ ਕਰਦੇ ਸਨ ਨਾਲ ਡੂੰਘਾ ਪ੍ਰੇਮ ਸੀ। ਸੋ ਆਪਣੀ ਬ੍ਰਿਧ ਅਵਸਥਾ ਵੇਲੇ ਮੋਤਾ ਸਿੰਘ ਨੇ ਉਹ ਪਵਿਤ੍ਰ ਜੋੜਾ ਮੰਨਾ ਸਿੰਘ ਨੂੰ ਸੌਪ ਦਿੱਤਾ। ਅੱਗੇ ਫਿਰ ਮੰਨਾ ਸਿੰਘ ਨੇ ਅਖੀਰੀ ਵੇਲੇ ਜੋੜਾ ਆਪਣੇ ਮੁਤਬੰਨੇ ਪੁੱਤ੍ਰ ਨੱਥਾ ਸਿੰਘ ਨੂੰ ਦੇ ਦਿੱਤਾ। ਨੱਥਾ ਸਿੰਘ 45 ਸਾਲ ਦੀ ਉਮਰ ਵਿੱਚ ਹੀ ਚੜਾਈ ਕਰ ਗਏ ਤੇ ਉਨਾਂ ਦੀ ਪਤਨੀ ਮਾਈ ਠਾਕਰ ਦੇਈ ਨੇ ਇਹ ਜੋੜਾ ਲੁਕਾ ਕੇ ਰੱਖ ਲਿਆ ਕਿਉਕਿ ਪਹਿਲਾਂ ਉਸ ਨਾਲ ਕੁਝ ਘਟਨਾਵਾਂ ਹੋਈਆਂ ਕਿ ਕੁਝ ਵਸਤਾਂ ਲੋਕਾਂ ਵਾਪਸ ਨਹੀ ਸੀ ਕੀਤੀਆਂ।

1925 ਈ ਦੇ ਆਸ ਪਾਸ ਮਾਈ ਚੜ੍ਹਾਈ ਕਰ ਗਈ ਤੇ ਜੋੜਾ ਉਸ ਦੀ ਮੁਤਬੰਨੀ ਧੀ ਮਾਇਆ ਦੇਵੀ (ਅੰਮ੍ਰਿਤ ਕੌਰ) ਕੋਲ ਪਹੁੰਚ ਗਇਆ ਭਾਵ ਦਰਬਾਰਾ ਸਿੰਘ ਆਹਲੂਵਾਲੀਆ ਚੌਂਕ ਪਰਾਗਦਾਸ, ਹਵੇਲੀ ਚੋਹਲੇ ਵਾਲੀ, ਅੰਮ੍ਰਿਤਸਰ।

ਅਗਸਤ 1933 ਵਿੱਚ ਜਦੋਂ ਸਾਈਕਲ ਯਾਤਰੀ ਭਾਈ ਧੰਨਾ ਸਿੰਘ ਚਹਿਲ ਆਪਣੀ ਯਾਤਰਾ ਦੌਰਾਨ ਭਾਈ ਦਰਬਾਰਾ ਸਿੰਘ ਕੋਲ ਰਹਿ ਰਿਹਾ ਸੀ ਤਾ ਧੰਨਾ ਸਿੰਘ ਨੇ ਖਹਿੜੇ ਪੈ ਕੇ ਭਾਈ ਦਰਬਾਰਾ ਸਿੰਘ ਕੋਲੋ ਉਹ ਜੋੜਾ ਲੈ ਲਿਆ ਤੇ ਪਟਿਆਲੇ ਆਪਣੇ ਸੱਜਣ ਗੁਰਬਖਸ਼ ਸਿੰਘ ਨੇੜੇ ਵਾਟਰ ਟੈਂਕ (ਬੀ) ਕੋਲ ਪਹੁੰਚਾ ਦਿੱਤਾ। ਅੱਜ ਕਲ ਇਹ ਜੋ ਜੋੜਾ ਗੁਰਬਖਸ ਸਿੰਘ ਦੇ ਪੁੱਤਰ ਜਬਰਜੰਗ ਸਿੰਘ ਭੰਵਰਾ ਦੇ ਘਰ ਮੌਜੂਦ ਹੈ। ਅਸਾਂ ਬਜੁਰਗ ਜਬਰਜੰਗ ਸਿੰਘ ਅਤੇ ਉਹਨਾਂ ਦੀ ਧੀ ਹਰਦੀਪ ਕੌਰ ਨੂੰ ਦੋ ਤਿੰਨ ਵਾਰੀ ਗੁਜਾਰਿਸ਼ ਕੀਤੀ ਹੈ ਕਿ ਇਸ ਪਵਿਤ੍ਰ ਜੋੜਾ ਸਾਹਿਬ ਦੀ ਤਸਵੀਰ ਸਾਨੂੰ ਭੇਜੀ ਜਾਵੇ ਤਾਂ ਕਿ ਇਸ ਇਤਹਾਸਿਕ ਜੋੜੇ ਦੇ ਸ਼ਰਧਾਲੂ ਵੀ ਦਰਸ਼ਨ ਕਰ ਸਕਣ। ਪਰ ਉਹ ਹਾਂ ਕਰਨ ਉਪਰੰਤ ਵੀ ਤਸਵੀਰ ਨਹੀ ਭੇਜ ਰਹੇ। ਪਤਾ ਲੱਗਾ ਹੈ ਕਿ ਇਹ ਪ੍ਰਵਾਰ ਜੋੜੇ ਨੂੰ ਹਵਾ ਨਹੀ ਲੱਗਣ ਦਿੰਦਾ ਤੇ ਸੰਗਤਾਂ ਨੂੰ ਦਰਸ਼ਨਾਂ ਤੋਂ ਵਾਂਝਿਆ ਰੱਖਿਆ ਹੋਇਆ ਹੈ।

ਸੰਗਤਾਂ ਨੂੰ ਚਾਹੀਦੇ ਹੈ ਕਿ ਵਕਤ ਰਹਿੰਦੇ ਇਸ ਜੋੜੇ ਨੂੰ ਸੰਭਾਲ ਲਿਆ ਜਾਵੇ। ਨਹੀ ਤਾਂ ਛੇਤੀ ਹੀ ਇਹ ਵੀ ਬਾਹਰ ਕਿਤੇ ਦੂਰ ਦੇਸ ਵਿਕ ਜਾਵੇਗਾ। ਇਹ ਕੰਮ ਤੁਰੰਤ ਕਰਨ ਦੀ ਜਰੂਰਤ ਹੈ।

----◆-----

## ਛਿੱਪ ਨਾਂ ਸਕਿਆ ਜਲਾਲਬਾਦ ਵਿਖੇ ਬਾਬੇ ਦਾ ਜਲਾਲ

ਚੋਹਾ ਸਾਹਿਬ -ਪੇਸ਼ਾਵਰ ਤੋਂ ਅੱਗੇ 126 ਕਿ. ਮੀ. ਤੇ ਜਲਾਲਾਬਾਦ ਕਸਬਾ ਹੈ। ਜਿਸ ਦੀ ਜੂਹ ਵਿੱਚ ਜਦੋ ਗੁਰੂ ਸਾਹਿਬ ਜਾ ਰਹੇ ਸਨ ਤਾਂ ਰਸਤੇ ਵਿੱਚ ਇੱਕ ਡੰਗਰਾਂ ਦਾ ਪਾਲੀ ਬੇਹੋਸ਼

ਪੈੜ ਸੂਹਾ

ਸੋਢੀ -417. ਨੇ ਸਾਫ ਲਿਖਿਆ ਹੈ ਕਿ ਗੁਰੂ ਸਾਹਿਬ ਪੇਸ਼ਾਵਰ ਉਤਰ ਦੀ ਉਦਾਸੀ ਵੇਲੇ ਗਏ ਸਨ। ਨਾਲੇ ਲਿਖਿਆ ਹੈ ਕਿ ਉਦਾਸੀ ਸਾਲ ਭਰ ਚਲੀ ਸੀ।

⊙ ਇਕਬਾਲ ਕੈਸਰ- ਪਾਕਿਸਤਾਨ ਵਿੱਚ ਸਿੱਖ ਅਸਥਾਨ

■ ਸਾਈਕਲ ਯਾਤਰੀ-686

ਹਾਲਤ ਵਿੱਚ ਮਿਲਿਆ। ਪਾਲੀ ਬੋਲ ਨਹੀ ਸੀ ਪਾ ਰਿਹਾ ਉਸ ਨੇ ਇਸ਼ਾਰੇ ਨਾਲ ਕਿਹਾ ਕਿ ਉਹ ਪਿਆਸਾ ਹੈ। ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਕੀਤਾ ਕਿ ਇਨੂੰ ਜਲ ਛਕਾਉ। ਮਰਦਾਨਾ ਕਹਿਣ ਲੱਗਾ ਗੁਰੂ ਜੀ ਸਾਡੀ ਮਸ਼ਕ ਵੀ ਬਿਲਕੁਲ ਖਾਲੀ ਹੈ। ਉਸ ਵੇਲੇ ਗੁਰੂ ਸਾਹਿਬ ਨੇ ਇੱਕ ਪੱਥਰ ਵਲ ਇਸ਼ਾਰਾ ਕੀਤਾ ਕਿ ਇਸ ਨੂੰ ਖਿਸਕਾਓ, ਜਲ ਨਿਕਲੇਗਾ। ਮਰਦਾਨੇ ਤੇ ਨਾਲ ਦੇ ਜੋਗੀ ਸਾਥੀਆਂ ਨੇ ਉਹ ਪੱਥਰ ਹਟਾਇਆ ਤਾਂ ਥੱਲਿਓ ਜਲ ਨਿਕਲ ਆਇਆ। ਪਿਆਸੇ ਮੁੰਡੇ ਨੂੰ ਪਾਣੀ ਪਿਆਇਆ ਤਾਂ ਉਹ



ਗੁਰੂ ਨਾਨਕ ਦਰਬਾਰ, ਚਸ਼ਮਾ ਸਾਹਿਬ, ਜਲਾਲਾਬਾਦ

ਹੋਸ਼ ਵਿੱਚ ਆਇਆ। ਹੋਰ ਥੋੜਾ ਪੁੱਟਣ ਤੇ ਨਿਰਮਲ ਜਲ ਦਾ ਫੁਹਾਰਾ ਛੁੱਟ ਪਿਆ। ਖਬਰ ਜਲਾਲਾਬਾਦ ਵਿੱਚ ਜੰਗਲ ਦੀ ਅੱਗ ਦੀ ਨਿਆਈ ਫੈਲ ਗਈ। ਹੁੰਮ ਹੁੰਮਾ ਕੇ ਪਠਾਣ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਏ।

ਜਲਾਲਾਬਾਦ ਵਿੱਚ ਅੱਜ ਵੀ ਸੁਲਤਾਨਪੁਰ ਵਾਲੀ ਸੜਕ ਤੇ ਗੁਰਦੁਆਰਾ ਚੋਆ ਸਾਹਿਬ ਮੌਜੂਦ ਹੈ।⊙

ਯਾਦ ਰਹੇ ਜਲਾਲਾਬਾਦ ਵੀ ਬਹੁਤ ਪੁਰਾਤਨ ਸ਼ਹਿਰਾਂ ਵਿਚੋਂ ਆਉਦਾ ਹੈ। ਚੀਨੀ ਯਾਤਰੀ ਹਿਊਨ ਸਾਂਗ ਨੇ ਵੀ ਇਹਦਾ ਜਿਕਰ ਕੀਤਾ ਹੈ। ਇਹਦਾ ਪੁਰਾਣਾ ਨਾਂ ਅਦੀਨਾਪੁਰ ਹੋਇਆ ਕਰਦਾ ਸੀ। ਅਫਗਾਨਿਸਤਾਨ ਦੇ ਪੰਜ ਵੱਡੇ ਸ਼ਹਿਰਾਂ ਵਿਚੋਂ ਇੱਕ ਹੈ ਤੇ ਨਾਂਗਰਹਾਰ ਸੂਬੇ ਦੀ ਰਾਜਧਾਨੀ ਹੈ। ਇਥੇ ਵਪਾਰੀ ਜਿਆਦਾ ਪੰਜਾਬੀ ਹੀ ਹੋਇਆ ਕਰਦੇ ਸਨ।

ਲਗਪਗ ਹਫਤਾ ਕੁ ਗੁਰੂ ਸਾਹਿਬ ਇਥੇ ਰਹੇ ਤੇ ਫਿਰ ਅੱਗੇ ਕਾਬਲ ਨੂੰ ਚਲ ਪਏ।

ਪੈੜ ਸੂਹਾ

⊙ **ਅਫਗਾਨਿਸਤਾਨ ਵਿਚ ਸਿੱਖ–** ਹਾਲਾਂ ਕਿਸੇ ਵੇਲੇ ਹਿੰਦੁਸਤਾਨੀ ਲੋਕ ਅਫਗਾਨਿਸਤਾਨ ਦੇ ਵਪਾਰ ਵਿੱਚ ਛਾਏ ਹੋਏ ਸਨ ਅੱਜ ਮਸਾਂ 3000 ਸਿੱਖ ਤੇ ਹਿੰਦੂ ਅਫਗਾਨਿਸਤਾਨ ਵਿੱਚ ਬਚੇ ਹਨ- ਇਸਲਾਮ ਵਧੀਆ ਸਿਧਾਂਤ ਹੈ ਪਰ ਬਦਕਿਸਮਤੀ ਨਾਲ ਮੁਸਲਮਾਨ ਲੋਕ ਬਾਕੀ ਮਜ਼ੂਬਾਂ ਨੂੰ ਬਰਦਾਸ਼ਤ ਨਹੀ ਕਰਦੇ। ਧਰਮ ਦੀ ਵੀਚਾਰਧਾਰਾ ਕੁਝ ਅਜਿਹੀ ਹੈ ਕਿ ਜਦੋਂ ਵੀ ਕੋਈ ਮੁਸਲਮਾਨ ਗੈਰ ਮੁਸਲਿਮ ਨੂੰ ਮਿਲਦਾ ਹੈ ਤਾਂ ਉਹਦੀ ਪਹਿਲੀ ਦਿਲੀ ਇਛਾ ਇਹ ਹੁੰਦੀ ਹੈ ਕਿ ਗੈਰ ਮੁਸਲਿਮ ਨੂੰ ਕਿਸੇ ਤਰਾਂ ਮੁਸਲਮਾਨ ਬਣਾਇਆ ਜਾਵੇ।

ਫਿਰ ਅਫਗਾਨਿਸਤਾਨ ਵਿੱਚ ਜਦੋਂ ਤੋਂ ਬਾਦਸ਼ਾਹਤ ਖਤਮ ਹੋਈ ਹੈ ਸਿੱਖਾਂ ਤੇ ਹਿੰਦੂਆਂ ਵਾਸਤੇ ਮੁਸੀਬਤ ਵਧੀ ਹੈ। ਖਾਸ ਕਰਕੇ 1992 ਵਿੱਚ ਜਦੋਂ ਬਾਬਰੀ ਮਸੀਤ ਢਾਹੀ ਗਈ ਤਾਂ ਸਿੱਖਾਂ ਹਿੰਦੂਆਂ ਤੇ ਤਾਂ ਮੁਸੀਬਤ ਦੇ ਪਹਾੜ ਢਹਿ ਪਏ। ਥਾਂ ਥਾਂ ਤੇ ਗੁਰਦੁਆਰੇ ਤੇ ਮੰਦਰ ਢਾਹ ਦਿੱਤੇ ਗਏ। ਇੱਕ ਗੁਰਦੁਆਰਾ ਢਾਹ ਕੇ ਓਥੇ ਦੇ ਰਾਸ਼ਟਰਪਤੀ ਦਾ ਮਕਬਰਾ ਉਸਾਰ ਦਿੱਤਾ ਗਿਆ। ਤਾਲਿਬਾਨ ਸਰਕਾਰ ਨੇ ਤਾਂ ਇੱਕ ਵੇਰ ਹੁਕਮ ਕਰ ਦਿੱਤਾ ਕੇ ਸਾਰੇ ਸਿੱਖ ਤੇ ਹਿੰਦੂ ਜਦੋਂ ਬਾਹਰ ਨਿਕਲਦੇ ਹੋ ਖੱਟੇ ਰੰਗ ਦੀ ਪੱਟੀ ਬਾਹ ਤੇ ਬੰਨ ਕੇ ਆਓ। ਇਸ ਹੁਕਮ ਨਾਲ ਸਿੱਖਾਂ ਵਿੱਚ ਹੋਰ ਦਹਿਸ਼ਤ ਫੈਲ ਗਈ। ਅੱਜ ਬਹੁਤੇ ਸਿੱਖ ਹਿੰਦੁਸਤਾਨ, ਕਨੇਡਾ, ਇੰਗਲੈਂਡ ਆਦਿ ਮੁਲਕਾਂ ਵਿੱਚ ਦੌੜ ਗਏ ਹਨ। ਜਿਹੜੇ ਬਚੇ ਹਨ ਉਹ ਨਰਕ ਜਿਹੀ ਜਿੰਦਗੀ ਜੀ ਰਹੇ ਹਨ। ਗੁਰਦੁਆਰੇ ਯੁਧ ਦੌਰਾਨ ਢਹਿ ਗਏ ਤੇ ਅਨੇਕਾਂ ਥਾਵਾਂ ਤੇ ਜਮੀਨ ਦੇ ਮਗਰਮੱਛਾਂ ਨੇ ਕਬਜੇ ਵੀ ਕਰ ਲਏ ਹਨ।

ਹਵਾਲਾ - https://afghanhindu.wordpress.com/2009/11/

----◆-----

## ਜਦੋਂ ਬਾਬਰ ਨੇ ਬਾਬੇ ਕੋਲੋਂ ਚੱਕੀ ਪਿਸਾਈ* ਪਰ ਗੁਰੂ ਸਾਹਿਬ ਅੱਗੇ ਹੋ ਕੇ ਬਾਬਰ ਨੂੰ ਕਿਓ ਮਿਲਣ ਗਏ?

(1520 ਈ.) ਜਲਾਲਾਬਾਦ ਤੋਂ ਕਾਬਲ 150 ਕਿ.ਮੀ. ਹੈ। ਓਹਨੀ ਦਿਨੀ ਵਣਜਾਰਿਆਂ ਦੇ ਕਾਫਲੇ ਆਮ ਹੀ ਤੁਰੇ ਰਹਿੰਦੇ ਸਨ। ਅੰਦਾਜ਼ਾ ਹੈ ਕਿ ਗੁਰੂ ਸਾਹਿਬ ਕਿਸੇ ਕਾਫਲੇ ਨਾਲ ਹੀ ਕਾਬੁਲ ਨੂੰ ਗਏ। ਹਾਲਾਂ ਰਸਤੇ ਵਿੱਚ ਥਾਂ ਥਾਂ ਗੁਰੂ ਸਾਹਿਬ ਨੇ ਨਾਮ ਦੇ ਲੜ ਲਗਣ ਦੀ ਦੁਹਾਈ ਦਿੱਤੀ। 2-3 ਦਿਨਾਂ ਵਿੱਚ ਹੀ ਸਾਹਿਬ ਕਾਬਲ ਪਹੁੰਚ ਗਏ।

ਕਾਬਲ ਵਿੱਚ ਉਸ ਵੇਲੇ ਤੱਕ ਅਜੇ ਜੋਗੀ ਮੱਠ ਹੈਗਾ ਸੀ। ਜੋਗੀਆਂ ਨੇ ਆਪਣੀ ਆਰਤੀ ਜਿਹੀ ਕਵਿਤਾ ਵਿੱਚ ਹਜਰਤ ਮੁਹੰਮਦ ਸਾਹਿਬ ਦੀ ਤਾਰੀਫ ਵੀ ਸ਼ਾਮਲ ਕਰ ਲਈ ਸੀ। ਫਿਰ ਗੁਰੂ ਸਾਹਿਬ ਮੁਸਲਮਾਨ ਸੂਫੀ ਪੀਰਾਂ ਨਾਲ ਵੀ ਸੌਖ ਵਿੱਚ ਹੀ ਰਹਿੰਦੇ ਸਨ। ਗੁਰੂ ਸਾਹਿਬ ਦੇ ਕਈ ਟਿਕਾਣੇ ਪੀਰਾਂ ਦੀਆਂ ਖਾਨਗਾਹਾਂ ਤੇ ਸਨ।

ਗੁਰੂ ਸਾਹਿਬ ਦੇ ਕਾਬੁਲ ਪਹੁੰਚਣ ਤੇ ਹੌਲੀ ਹੌਲੀ ਸਾਧੂ ਫਕੀਰਾਂ ਜੋਗੀਆਂ ਦਾ ਕਿਤੇ ਇਕੱਠ ਹੋ ਗਿਆ। ਲਗਦਾ ਹੈ ਬਾਬਰ ਦੇ ਕਿਸੇ ਸਿਪਾਹੀ ਨੇ ਇਹ ਸਾਧੂ ਫਕੀਰਾਂ ਦਾ ਇਕੱਠ ਵੇਖ ਲਿਆ। ਉਸਨੇ ਜਾ ਬਾਬਰ ਨੂੰ ਖਬਰ ਦਿੱਤੀ ਕਿ ਆਹ ਵੇਹਲੇ ਫਕੀਰਾਂ ਦੀਆਂ ਫਿਰ ਢਾਣੀਆਂ ਦੀਆਂ ਢਾਣੀਆਂ ਤੁਰੀਆਂ ਫਿਰ ਰਹੀਆਂ ਹਨ। ਇਹਨਾਂ ਨੂੰ ਕੋਈ ਕੰਮ ਧੰਮ ਨਹੀ।

ਅੱਤ ਦੇ ਦਲੇਰ ਤੇ ਸ਼ਰਾਬੀ ਕਬਾਬੀ ਬਾਬਰ ਦੀ ਮਸ਼ਹੂਰੀ ਸੀ ਕਿ ਉਹ ਸਾਧੂ ਫਕੀਰਾਂ ਦੀ ਵੀ ਪ੍ਰਵਾਹ ਨਹੀ ਸੀ ਕਰਦਾ। ਕੁਝ ਸਾਲ ਪਹਿਲਾਂ ਉਸਨੇ ਅਜ਼ਦੀਜਾਨ (ਅੱਜ ਦੇ ਉਜ਼ਬੇਕਿਸਤਾਨ ਦਾ ਸ਼ਹਿਰ) ਦੇ ਇੱਕ ਮਸ਼ਹੂਰ ਦਰਵੇਸ਼ 'ਪੀਰ ਗਾਹ' ਨੂੰ ਮਰਵਾ ਦਿੱਤਾ ਜਿਸਦੀ ਸਾਰੇ ਇਲਾਕੇ ਵਿੱਚ ਮੰਨਤਾ ਸੀ। ਪਰ ਪੀਰ ਗਾਹ ਬਾਬਰ ਦੇ ਹੱਕ ਵਿੱਚ ਨਹੀ ਸੀ।*

ਫਿਰ ਏਸੇ ਬਾਬਰ ਨੇ ਲਿਖਿਆ ਹੈ ਕਿ "ਸੁਲੇਮਾਨੀ ਪਹਾੜੀਆਂ ਵਿੱਚ ਮੌਜੂਦ ਪੀਰ ਕਾਨੂੰ ਦੇ ਚੇਲਿਆਂ ਨੇ ਮੇਰੇ ਕੁਝ ਸਿਪਾਹੀਆਂ ਨੂੰ ਜਖਮੀ ਕਰ ਦਿੱਤਾ ਸੀ। ਇਸ ਪੀਰ ਦੀ ਵੀ ਇਲਾਕੇ ਵਿੱਚ ਬਹੁਤ ਮੰਨਤਾ ਸੀ। ਮੈ ਹੁਕਮ ਦਿੱਤਾ ਕਿ ਮੁਜਰਮ ਦੇ ਟੋਟੇ ਟੋਟੇ ਕਰ ਦਿੱਤੇ ਜਾਣ ਤਾਂ ਕਿ ਇਲਾਕੇ ਵਿੱਚ ਸੁਨੇਹਾ ਚਲਾ ਜਾਏ।"

ਇਕ ਹੋਰ ਥਾਂ ਉਹ ਲਿਖਦਾ ਹੈ:

"14 ਫਰਵਰੀ 1519 ਨੂੰ ਮੈਂ ਮੁਕਾਮ ਨਾਂ ਦੇ ਇਲਾਕੇ ਵਿੱਚ



ਬਾਦਸ਼ਾਹ ਬਾਬਰ ਦੀ ਅਸਲ ਇਤਹਾਸਿਕ ਤਸਵੀਰ (ਹੱਥ ਨਾਲ ਬਣੀ) ਯਾਦ ਰਹੇ ਮੁਗਲ ਬਾਦਸ਼ਾਹ, ਮੂਲ ਵਿਚ ਮੰਗੋਲੀਆ ਤੋਂ ਹੋਣ ਕਰਕੇ ਖ਼ੋਦੇ ਜਿਹੇ ਹੀ ਹੁੰਦੇ ਸਨ। ਸਿਰਫ ਠੋਡੀ ਤੇ ਮਾੜੇ ਜਿਹੇ ਵਾਲ ਹੁੰਦੇ ਸਨ।

ਰੁਕਿਆ ਹੋਇਆ ਸੀ। ਮੈਂ ਕੀ ਵੇਖਦਾ ਹਾਂ ਬੜੀ ਖੂਬਸੂਰਤ ਜਿਹੀ ਟਿੱਬੀ ਉੱਤੇ ਸ਼ਾਹਬਾਜ ਕਲੰਦਰ (ਇਸ ਮੁਸਲਮਾਨ ਸੂਫੀ ਪੀਰ ਦੀ ਸਿੰਧ ਵਿੱਚ ਬਹੁਤ ਮੰਨਤਾ ਹੈ) ਦਾ ਮਕਬਰਾ ਬਣਿਆ ਹੋਇਆ ਹੈ। ਇਹ ਓਹੀ ਪੁੱਠੀ ਸੋਚ ਵਾਲਾ ਕਾਫਰ ਫਕੀਰ ਸੀ ਜਿਸ ਕਰਕੇ ਇਸ ਇਲਾਕੇ ਦੇ ਅਨੇਕਾਂ ਲੋਕਾਂ ਦੀ ਸੋਚ ਵਿਗੜ ਗਈ ਹੈ। ਮੈਨੂੰ ਲਗਾ ਕਿ ਐਹੋ ਜਿਹੀ ਖੂਬਸੂਰਤ ਥਾਂ ਤੇ ਕਿਸੇ ਕਾਫਿਰ ਦਾ ਮਜਾਰ ਨਹੀ ਹੋਣਾ ਚਾਹੀਦਾ। ਸੋ ਮੈਂ ਹੁਕਮ ਦੇ ਕੇ ਉਹ ਢੁਹਾ ਦਿੱਤਾ ਤੇ ਥਾਂ ਪੱਧਰਾ ਕਰਵਾ ਦਿੱਤਾ। ਇਹ ਏਨੀ ਖੂਬਸੂਰਤ ਥਾਂ ਸੀ ਕਿ ਮੇਰਾ ਓਥੋਂ ਜਾਣ ਨੂੰ ਜੀ ਨਾਂ ਕਰੇ। ਇਥੇ ਫਿਰ ਮੈਂ ਨਮਾਜ ਵੀ ਪੜੀ। ਇਥੇ ਕੁਝ ਸਮਾਂ ਮੈਂ ਰਿਹਾ। "

ਇਹ ਮਸਾਲਾਂ ਦੇਣ ਤੋਂ ਸਾਡਾ ਮਤਲਬ ਕੀ ਬਾਬਰ ਪੀਰਾਂ ਫਕੀਰਾਂ ਦੀ ਰਤਾ ਪ੍ਰਵਾਹ ਨਹੀ ਸੀ ਕਰਦਾ।

ਬਾਬਰਨਾਮੇ ਦੇ ਪੰਨਾ 89 ਤੇ ਲਿਖਿਆ ਹੈ ਕਿ,

"ਅਸੀ ਸਲਾਹ ਕੀਤੀ ਕਿ ਪਠਾਣਾਂ ਦੇ ਬੰਨੂ ਤੇ ਬੰਗਸ਼ ਨੂੰ ਬਰਬਾਦ ਕਰ ਦਈਏ। ਇਸ ਦੌਰਾਨ ਕੋਹਾਟ ਦੇ ਪਠਾਣਾਂ ਨੇ ਇੱਕ ਪਹਾੜੀ ਤੇ ਡੇਰਾ ਜਮਾ ਲਿਆ ਕਿ ਜਦੋਂ ਅਸੀ ਪਰਤੀਏ ਤਾਂ ਸਾਡੇ ਤੇ ਹਮਲਾ ਕਰਨ। ਪਰ ਅਸੀ ਪਹਾੜੀ ਦੇ ਉਪਰਲੇ ਪਾਸਿਓ ਦੀ ਪੈ ਗਏ ਤੇ ਝੱਟ 150 ਝਟਕਾ ਦਿੱਤੇ। ਬਾਕੀ ਦੇ ਜਿਹੜੇ ਬਚੇ ਸੀ ਉਨਾਂ ਹੱਥ ਖੜੇ ਕਰ ਦਿੱਤੇ ਤੇ ਸਾਰਿਆਂ ਨੇ ਮੂੰਹ ਵਿੱਚ ਘਾਹ ਪਾ ਲਿਆ ਜਿਸਦਾ ਮਤਲਬ ਹੁੰਦਾ ਹੈ ਕਿ ਅਸੀ ਤਾਂ ਤੁਹਾਡੇ ਬੌਲਦ ਹਾਂ ਜਿੱਥੇ ਮਰਜੀ ਜੋ ਲਓ। ਇਨਾਂ ਸਾਰਿਆਂ ਦੇ ਸਿਰ ਲਾਹ ਕੇ ਮੀਨਾਰ ਬਣਾਇਆ ਗਿਆ। ਫਿਰ ਅਸੀ ਬੰਗਸ਼ ਤੇ ਬੰਨੂ ਇਲਾਕੇ ਵਿੱਚ ਵੜੇ ਜਿਹੜਾ ਪੱਧਰਾ ਮੈਦਾਨ ਹੈ ਤੇ ਕੁਰਮ ਦਰਿਆ ਇਨੂੰ ਸਿੰਢਦਾ ਹੈ। ਈਸਾਖੇਲ ਪਿੰਡ ਤੋਂ ਮਾਲ ਡੰਗਰ ਤੇ ਭੇਡਾਂ ਅਸਾਂ ਖੋਹੀਆ। ਈਸਾਖੇਲ ਦੇ ਪਠਾਣਾਂ ਨੇ ਰਾਤੀ ਸਾਡੇ ਤੇ ਹਮਲਾ ਕਰ ਦਿੱਤਾ। ਪਰ ਓਨਾਂ ਨੂੰ ਕੀ ਪਤਾ ਕਿ ਅਸੀ ਕੋਈ ਢਿੱਲੇ ਮੱਠੇ ਥੋੜੇ ਸਾਉਂਦੇ ਹਾਂ। ਤੀਰ ਦੀ ਹਰ ਮਾਰ ਤੇ ਮੇਰੇ ਸਿਪਾਹੀ ਪਹਿਰਾ ਦਿੰਦੇ ਨੇ। ਮੈਂ ਖੁਦ ਵੀ ਇੱਕ ਦਿਨ ਪਹਿਰੇਦਾਰਾਂ ਦਾ ਮੁਆਇਨਾ ਕੀਤਾ ਤੇ ਜਿੱਥੇ ਜਿਥੇ ਕੋਈ ਸੁੱਤਾ ਜਾਂ ਜਿੰਮੇਵਾਰੀ ਤੋਂ ਢਿੱਲਾ ਵੇਖਿਆ ਮੈਂ ਅਗਲੇ ਸਵੇਰ ਉਨੂੰ ਸੱਦ ਕੇ ਉਹਦਾ ਨੱਕ ਵੱਢ ਕੇ ਜਲੂਸ ਕੱਢਣ ਦਾ ਹੁਕਮ ਦਿੱਤਾ"

ਕਹਿਣ ਤੋਂ ਮਤਲਬ ਬਾਬਰ ਇਨਾਂ ਜਾਲਮ ਸੀ। ਪਰ ਬਾਬਰ ਦੀ ਸਿਫਤ ਸੀ ਕਿ ਧਰਮ ਦੇ ਨਾਂ ਤੇ ਕਤਲ ਨਹੀ ਸੀ ਕਰਦਾ। ਉਹ ਸਿਰਫ ਉਨੂੰ ਕਤਲ ਕਰ ਰਿਹਾ ਸੀ ਜਿਹੜਾ ਉਹਦੀ ਹਕੂਮਤ ਵਿੱਚ ਰੁਕਾਵਟ ਬਣਦਾ।

ਏਹੋ ਕਾਰਨ ਹੈ ਕਿ ਗੁਰੂ ਨਾਨਕ ਸਾਹਿਬ ਵਲ ਭੰਨ ਕੇ ਕਾਬਲ ਨੂੰ ਹੋ ਤੁਰੇ ਸਨ। ਗੁਰੂ ਸਾਹਿਬ ਦਾ ਸੋਚਣਾ ਸੀ ਕਿ ਬਾਬਰ ਇਬਰਾਹੀਮ ਲੋਧੀ ਨਾਲੋ ਚੰਗਾ ਹੈ ਕਿਉਕਿ ਲੋਧੀਆਂ ਵਿੱਚ ਧਾਰਮਿਕ ਕੱਟੜਤਾ ਹੱਦ ਦਰਜੇ ਦੀ ਸੀ। ਗੁਰੂ ਸਾਹਿਬ ਦੀ ਜੀਵਨੀ ਪੜ੍ਹਦਿਆਂ ਅਸੀ ਮਹਿਸੂਸ ਕੀਤਾ ਹੈ ਕਿ ਉਨਾਂ ਵਿੱਚ ਲੋਹੜੇ ਦੀ ਦਲੇਰੀ ਸੀ। ਦਰ ਅਸਲ ਦਲੇਰੀ ਲਫਜ਼ ਉਨਾਂ ਤੇ ਢੁਕਦਾ ਹੀ ਨਹੀ। ਕਿਉਕਿ ਉਨਾਂ ਨੂੰ ਮੌਤ ਦਾ ਖਉ ਤਾਂ ਰਤਾ ਨਹੀ ਸੀ। ਕਿਉਕਿ ਉਹ ਨਿਰੰਕਾਰ ਨਾਲ ਇੱਕ ਮਿੱਕ ਸਨ ਤੇ ਸਹਿਜ ਸੁਭਾਅ ਉਨਾਂ ਕੋਲੋ ਕੌਤਕ ਹੋ ਜਾਂਦੇ ਸਨ ਜਿੰਨਾਂ ਨੂੰ ਦੁਨੀਆਂ ਚਮਤਕਾਰ ਕਹਿੰਦੀ ਹੈ। ਉਹ ਗੁੱਸੇਖੋਰ ਸਿਕੰਦਰ ਲੋਧੀ ਦੀ ਕੈਦ 'ਚੋਂ ਸੁਰਖਰੂ ਹੋ ਨਿਕਲੇ ਸਨ ਜਿਸ ਨੇ ਚਾਹਿਆ ਸੀ ਕਿ ਇਹ ਹਿੰਦੂ ਫਕੀਰ ਮੁਸਲਮਾਨ ਕਿਓ ਨਹੀ ਬਣਦਾ? ਜਾਣਦੇ ਬੁਝਦੇ ਹੋਏ ਬਰਮਾ ਦੇ ਰਾਖਸ਼ਾਂ ਦੇ ਦੇਸ ਵਿੱਚ ਗਏ ਸਨ। ਭਾਰਤ ਦੇ ਮਾਣਸ ਖਾਣੇ ਕਬੀਲਿਆਂ ਵਿੱਚ ਗਏ। ਉਨਾਂ ਕੋਈ ਇਲਾਕਾ ਛੱਡਿਆ ਹੀ ਨਹੀ ਜਿਹੜਾ ਮਹੱਤਵਪੂਰਨ ਹੋਵੇ ਫਿਰ ਉਹ ਭਾਵੇ ਕਿੰਨਾ ਦੁਰਗਮ ਹੋਵੇ ਉਹ ਓਥੇ ਪਹੁੰਚਦੇ ਰਹੇ। ਦਰ ਅਸਲ ਉਹ ਕੋਈ ਮੌਕਾ ਨਹੀ ਸੀ ਖੁੰਝਦੇ ਮਹੱਤਵਪੂਰਨ ਬੰਦਿਆਂ ਨੂੰ ਮਿਲਣ ਤੋਂ। ਜਿਵੇ ਪਹਿਲੇ ਹੀ ਦੱਸਿਆ ਜਾ ਚੁੱਕਾ ਹੈ ਕਿ ਗੁਰੂ ਸਾਹਿਬ ਦੀ ਪਹਿਲ ਹੁੰਦੀ ਸੀ. 1.ਹੁਕਮਰਾਨ ਨੂੰ ਮਿਲਿਆ ਜਾਏ, 2.ਸਾਧੂਆਂ ਦੇ ਆਸ਼ਰਮ ਤੇ 3. ਮੇਲੇ ਜਾਂ ਕੁੰਭ।

ਸੋ ਇਹੀ ਕਾਰਨ ਹੈ ਕਿ ਗੁਰੂ ਸਾਹਿਬ ਕਸ਼ਮੀਰ ਤੋਂ ਆਪਣਾ ਰਾਹ ਛੱਡ ਕੇ ਕਾਬਲ ਨੂੰ ਹੋ ਤੁਰੇ। ਇਹ ਵੀ ਲਗਦਾ ਹੈ ਕਿ ਹੋ ਸਕਦਾ ਗੁਰੂ ਸਾਹਿਬ ਨੂੰ ਖਬਰ ਮਿਲੀ ਹੋਵੇ ਕਿ ਬਾਬਰ ਕਿਤੇ ਪਿਸ਼ਾਵਰ ਦੇ ਇਲਾਕੇ ਵਿੱਚ ਹੈ।

----◆-----

## ਗੁਰੂ ਸਾਹਿਬ ਨੇ ਬਾਬਰ ਨੂੰ ਹਿੰਦੁਸਤਾਨ ਦਾ ਤਖਤ ਬਖਸ਼ਿਆ ◉

ਵਾਪਸ ਗੁਰੂ ਸਾਹਿਬ ਦੀ ਕਾਬਲ ਵਿੱਚ ਮੌਜੂਦਗੀ ਵਲ ਪਰਤਦੇ ਹਾਂ। ਕਿ ਬਾਬਰ ਨੂੰ ਇਤਲਾਹ ਮਿਲੀ ਕਿ ਕਾਬਲ ਵਿੱਚ ਸਾਧੂ ਫਕੀਰਾਂ ਦੀਆ ਬੜੀਆਂ ਢਾਣੀਆਂ ਮੌਜੂਦ ਹਨ। ਬਾਬਰ ਪਹਿਲਾਂ ਹੀ ਸੋਚਦਾ ਸੀ ਇਹ ਲੋਕ ਐਵੇ ਮੁਆਸ਼ਰੇ ਤੇ ਬੋਝ ਹਨ। ਸੋ ਬਾਬਰ ਨੇ ਹੁਕਮ ਦਿੱਤਾ ਕਿ ਜਿੱਥੇ ਵੀ ਕੋਈ ਸਾਧੂ ਫਕੀਰ ਮਿਲੇ ਉਨੂੰ ਫੜ ਲਿਆਓ।

ਸਿਪਾਹੀਆਂ ਨੇ ਕਾਬਲ ਵਿੱਚ ਜਿੱਥੇ ਕਿਤੇ ਕੋਈ ਸਾਧੂ ਫਕੀਰ ਵੇਖਿਆ ਉਨੂੰ ਕਾਬੂ ਕਰ ਲਿਆ ਤੇ ਸਾਰਿਆਂ ਨੂੰ ਇਕੱਠੇ ਕਰਕੇ ਛਾਉਣੀ ਲੈ ਆਏ।



ਪੰਜਾਬ ਵਿਚ ਇਸ ਤਰਾਂ ਦੀ ਹੱਥ ਚੱਕੀ ਪ੍ਰਚਲਤ ਹੁੰਦੀ ਸੀ। ਧਿਆਨ ਰਹੇ ਇਹ ਚੱਕੀ ਦਾ ਮਾਡਲ ਹੈ। ਸਾਖੀ ਵਿਚ ਦਿੱਤੀ ਚੱਕੀ ਨਾਲ ਇਹਦਾ ਕੋਈ ਸਬੰਧ ਨਹੀ।

ਓਨੀ ਦਿਨੀ ਸਿਪਾਹੀਆਂ ਨੂੰ ਵਗਾਰ ਜੋ ਕੱਢਣੀ ਪੈਂਦੀ ਸੀ ਉਹ ਸੀ ਘੋੜਿਆਂ ਨੂੰ ਦਾਣਾ/ਪੱਠੇ ਪਾਉਣਾ, ਮਾਲਸ਼ ਕਰਨਾਂ ਆਦਿ। ਫਿਰ ਦੂਸਰਾ ਕੰਮ ਹੁੰਦਾ ਸੀ ਰਸੋਈ (ਲੰਗਰ) ਤਿਆਰ ਕਰਨਾ ਜਿਸ ਵਿੱਚ ਆਟਾ ਪੀਹਣਾ ਜੀਅ ਦਾ ਅਜ਼ਾਬ ਗਿਣਿਆ ਜਾਂਦਾ ਸੀ। ਕੈਦੀਆਂ ਕੋਲੋ ਫਿਰ ਸਿਪਾਹੀ ਏਹੋ ਜਿਹੇ ਕੰਮ ਲੈਂਦੇ ਸਨ। ਕਿਉਕਿ ਚੱਕੀ ਪੀਹਣਾਂ ਸਖਤ ਮੁਸ਼ੱਕਤ ਵਿਚੋਂ ਗਿਣਿਆ ਜਾਂਦਾ ਸੀ। ਤੰਦਰੁਸਤ ਮੁਜਰਮ ਨੂੰ ਹੀ ਇਸ ਕੰਮ ਤੇ ਲਾਇਆ ਜਾਂਦਾ ਸੀ।

ਸੋ ਸਿਪਾਹੀ ਜਿਹੜੀ ਸਾਧੂ ਫਕੀਰਾਂ ਦੀ ਢਾਣੀ ਫੜ੍ਹ ਕੇ ਲਿਆਏ ਉਨਾਂ ਵਿੱਚ ਰਿਸ਼ਟ-ਪੁਸ਼ਟ ਸਾਧੂਆਂ ਨੂੰ ਚੱਕੀ ਪੀਹਣ ਢਾਹ ਦਿੱਤਾ। ਬਾਕੀਆਂ ਨੂੰ ਘੋੜਿਆਂ ਦੀ ਖਿਦਮਤ ਆਦਿ ਤੇ। ਜਿਹੜਾ ਚੱਕੀ ਨਾਂ ਪੀਹੇ ਸਿਪਾਹੀ ਉਨੂੰ ਕੋਟੜੇ ਮਾਰਨ।

ਫਿਰ ਗੁਰੂ ਨਾਨਕ ਵਾਲੀ ਢਾਣੀ ਵੀ ਫੜੀ ਗਈ। ਛਾਉਣੀ 'ਚ ਲਿਆ ਵੱਖਰੀਆਂ ਵੱਖਰੀਆਂ ਵਗਾਰਾਂ ਤੇ ਲਾ ਦਿੱਤਾ। ਗੁਰੂ ਸਾਹਿਬ ਦੀ ਉਮਰ ਉਸ ਵੇਲੇ 51ਸਾਲ ਸੀ (1520 ਈ.) ਗੁਰੂ ਸਾਹਿਬ ਦੀ ਸਿਹਤ ਵਧੀਆ ਸੀ ਇਸ ਕਰਕੇ ਸਾਹਿਬ ਨੂੰ ਚੱਕੀ** ਪੀਹਣ ਤੇ ਲਾ ਦਿੱਤਾ। ਕੁਝ ਦੇਰ ਬਾਦ ਓਥੇ ਨਿਗਰਾਨ ਨੇ ਵੇਖਿਆ ਕਿ ਇਸ ਦਰਵੇਸ਼ ਦੀ ਚੱਕੀ ਆਪੇ ਚਲ ਰਹੀ ਹੈ। ਨਿਗਰਾਨ ਦੌੜਾ ਦੌੜਾ ਗਇਆ ਤੇ ਮਨਸਬਦਾਰ ਨੂੰ ਖਬਰ ਦਿੱਤੀ ਕਿ ਫਕੀਰਾਂ ਵਿੱਚ ਇੱਕ ਕੋਈ ਰੱਬ ਦਾ ਪਿਆਰਾ ਹੈ ਉਹਦੀ ਚੱਕੀ ਆਪੇ ਚਲ ਰਹੀ ਹੈ ਤੇ ਫਕੀਰ ਮਸਤ ਹੋਇਆ ਕੁਝ ਗਾ ਰਿਹਾ ਹੈ। ਗੱਲ ਝੱਟ ਬਾਬਰ ਤੱਕ ਵੀ ਪਹੁੰਚ ਗਈ।

ਬਾਬਰ ਨੇ ਹੁਕਮ ਕੀਤਾ ਕਿ ਉਸ ਫਕੀਰ ਨੂੰ ਮੇਰੇ ਸਾਹਮਣੇ ਪੇਸ਼ ਕੀਤਾ ਜਾਵੇ।

ਉਹ ਦਰਵੇਸ਼ ਬਾਬਾ ਨਾਨਕ ਸੀ।

ਬਾਬਰ ਉਸ ਵੇਲੇ ਉਂਜ ਮਸਤੀ ਦੇ ਆਲਮ ਵਿੱਚ ਸੀ। ਆਪਣੇ ਮੁਤਾਹਿਤ ਸਾਥੀਆਂ ਨਾਲ ਰਲ ਕੇ ਭੰਗ ਪੀ ਰਿਹਾ ਸੀ। ਗੁਰੂ ਸਾਹਿਬ ਨੂੰ ਦਰਵੇਸ਼ ਜਾਣਦੇ ਹੋਏ ਆਦਾਬ ਕੀਤਾ। ਗੁਰੂ ਸਾਹਿਬ

ਪੈੜ ਸਫ਼ਾ

### ਕੁਝ ਇਤਿਹਾਸਿਕ ਸਰੋਤ ਜੋ ਸਬੂਤ ਹਨ ਕਿ ਗੁਰੂ ਸਾਹਿਬ ਨੇ ਬਾਬਰ ਨੂੰ ਬਾਦਸ਼ਾਹੀ ਦੀ ਬਖਸ਼ਸ਼ ਕੀਤੀ

⊙ ਮਹਿਮਾ ਪ੍ਰਕਾਸ਼ 42- ਅਨੁਸਾਰ ਗੁਰੂ ਸਾਹਿਬ ਤੇ ਬਾਬਰ ਦਾ ਮੇਲ ਕਾਬੁਲ ਵਿਖੇ ਹੀ ਹੁੰਦਾ ਹੈ।

⊙ ਬਾਬਰਨਾਮਾ ਪੰਨਾ=12

⊙ ਗੁਰਧਾਮ ਸੰਗ੍ਰਿਹ-(ਪੰਨਾ 24) ਇਹ ਪਵਿਤ੍ਰ ਚੱਕੀ ਪੂਜਣ ਜੋਗ ਹੋ ਗਈ। ਵਕਤ ਪਾ ਕੇ ਇਹ ਚੱਕੀ ਕਾਬਲ ਵਿੱਚ ਸਾਂਭ ਲਈ ਗਈ। 1895 ਈ. ਵਿੱਚ ਇਸ ਚੱਕੀ ਦਾ ਉਤਲਾ ਪੁੜ ਤਾਂ ਭਾਈ ਸਿਆਮ ਸਿੰਘ ਦੀ ਧਰਮਸਾਲਾ ਵਿੱਚ ਸਾਭਿਆ ਪਿਆ ਸੀ ਤੇ ਹੇਠਲਾ ਪੁੜ ਸ਼ਾਹੀ ਬਾਗ ਵਿੱਚ ਪੂਜੀਦਾ ਸੀ।

ਹੁਣ ਵੇਖੋ ਪੁਰਾਣੇ ਤੇ ਸਮੇਂ ਦੇ ਦਸਤਾਵੇਜ ਕੀ ਗਵਾਹੀ ਦਿੰਦੇ ਨੇ?

ਲਗ ਪਗ ਜਿੰਨੇ ਵੀ ਪੁਰਾਤਨ ਸਿੱਖ ਸਰੋਤ ਹਨ ਸਾਰੇ ਹੀ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਗੁਰੂ ਸਾਹਿਬ ਨੇ ਬਾਬਰ ਨੂੰ ਹਿੰਦੁਸਤਾਨ ਦੀ ਬਾਦਸ਼ਾਹੀ ਬਖਸ਼ੀ ਸੀ।

⊙ ਬਾਲਾ: 132- ਤਾਂ ਗੁਰੂ ਨਾਨਕ ਜੀ ਬਚਨ ਕੀਆ ਮੀਰ ਜੀ ਤੇਰੀ ਪਾਸ਼ਿਾਹੀ ਕੁਰਸੀ ਬ ਕੁਰਸੀ ਚਲੀ ਜਾਏਗੀ ਚਿਰ ਤੀਕਰੁ।

⊙ ਬੀ-40: 80 - ਤਾਂ ਬਾਬੇ ਕਿਹਾ ਤੇਰੀ ਪਾਤਸ਼ਾਹੀ ਚਿਰ ਤਾਈ ਚਲੇਗੀ।

⊙ ਮਹਿਮਾ ਪ੍ਰਕਾਸ਼:42- ਤਬ ਬਾਬਰ ਨੇ ਹਾਥ ਬਾਂਧ ਕੇ ਬੇਨਤੀ ਕੀਆ। ਹਮ ਕੋ ਹਿੰਦੁਸਤਾਨ ਕੀ ਪਾਤਸ਼ਾਹੀ ਮਿਲੇ। ਤਬ ਬਾਬੇ ਬਚਨ ਕੀਤਾ- ਜੋ ਤੈਨੂੰ ਹਿੰਦੁਸਤਾਨ ਦੀ ਪਾਤਸ਼ਾਹੀ ਮਿਲੇਗੀ।

⊙ ਮਨੀ ਸਿੰਘ- 434 ਲਿਖਦੇ ਹਨ:- "ਉਨਾਂ ਕਹਿਆ ਜੋ ਅਸਾਂ ਸੁਣਿਐ ਹੈ ॥ ਜੋ ਬਾਬਾ ਨਾਨਕ (ਬਾਬਰ) ਸੁੰਨੀ ਨੂੰ ਹਿੰਦਸਤਾਨ ਦੀ ਪਾਤਸ਼ਾਹੀ ਦਿੱਤੀ ਹੈ ਅਸਾਨੂੰ ਵੀ ਬਖਸ਼ੋ॥ "

⊙ ਭਾਈ ਗੁਰਦਾਸ -ਨੇ ਸੰਖੇਪ ਵਿੱਚ ਦਿੱਤਾ ਪਰ ਗੁਰੂ ਸਾਹਿਬ ਤੇ ਬਾਬਰ ਦੀ ਮਿਲਣੀ ਦੀ ਤਸਦੀਕ ਕੀਤਾ ਹੈ- ਸਿਧ ਨਾਥ ਅਵਤਾਰ ਸਭ ਗੋਸਟਿ ਕਰਿ ਕਰਿ ਕੰਨ ਫੜਾਇਆ॥ ਬਾਬਰ ਕੇ ਬਾਬੇ ਮਿਲੇ ਨਿਵਿ ਨਿਵਿ ਸਭ ਨਬਾਬੁ ਨਿਵਾਇਆ॥ ਪਤਿਸਾਹਾ ਮਿਲਿ ਵਿਛੁੜੇ ਜੋਗ ਭੋਗ ਛਡਿ ਚਲਿਤੁ ਰਚਾਇਆ॥ ਦੀਨ ਦੁਨੀਆ ਦਾ ਪਾਤਿਸਾਹੁ ਬੇਮੁਹਤਾਜੁ ਰਾਜੁ ਘਰਿ ਆਇਆ॥ (26-21-4)

⊙ ਸੋਢੀ ਮਿਹਰਬਾਨ:

⊙ ਪ੍ਰਾਚੀਨ ਪੰਥ ਪ੍ਰਕਾਸ਼- 22: ਅਨੁਸਾਰ ਗੁਰੂ ਸਾਹਿਬ ਤੇ ਹੋਰ ਹਿੰਦੂ ਸਾਧੂਆਂ ਨੂੰ ਦਿੱਲੀ ਦੇ ਸੁਲਤਾਨ ਗ੍ਰਿਫਤਾਰ ਕੀਤਾ ਸੀ। ਗੁਰੂ ਸਾਹਿਬ ਨੇ ਜਦੋਂ ਕੌਤਕ ਦਿਖਾਏ ਤਾਂ ਸੁਲਤਾਨ ਨੇ ਹੁਕਮ ਦੇ ਕੇ ਗੁਰੂ ਸਾਹਿਬ ਨੂੰ ਦਿੱਲੀ-ਦੇਸ ਨਿਕਾਲਾ ਦੇ ਦਿੱਤਾ ਸੀ। ਗੁਰੂ ਸਾਹਿਬ ਨੇ ਫਿਰ ਦਿੱਲੀ ਦਾ ਰਾਜ ਹੀ ਚੌਗੱਤੇ (ਮੁਗਲ ਬਾਬਰ) ਨੂੰ ਬਖਸ਼ ਦਿੱਤਾ - ਸ਼ਹਿਰੋਂ ਇਨ ਕੋ ਦਿਯੋ ਕਢਾਇ। ਬਹੁਰ ਨ ਦਿਲੀ ਵਰ ਹੈ ਆਇ। 8। ਸਤਿਗੁਰ ਕਹਯੋ ਹਮਮ ਤੌਵਰੇ ਆਇ। ਕਰ ਔਰ ਬਹਾਵੈ ਦਿੱਲੀ ਪਤਸ਼ਾਹਿ। ਅਬ ਆਇ ਬੋਲਯੋ ਤੁਮਰੋ ਕਾਲ। ਅਠਾਰਾਂ ਸੌ ਅਠੱਤਰ ਸਾਲ।

⊙ ਸੌ ਸਾਖੀ:56- ਬਾਬਰ ਕੀ ਬੇਨਤੀ ਸੁਨੀ ਸਤਿਗੁਰ ਭਏ ਦਇਆਲ॥ ਪਾਤਸ਼ਾਹੀ ਚਿਰ ਤੀਕਰ ਦਿੱਤੀਆ ਨਾਨਕ ਨਦਰ ਨਿਹਾਲ। (42)

⊙ ਸਾਈਕਲ ਯਾਤਰੀ -490 ਅਨੁਸਾਰ ਮੱਟਣ ਵਿਖੇ ਪ੍ਰੰਪਰਾ ਚਲੀ ਆਉਦੀ ਹੈ ਕਿ ਗੁਰੂ ਨਾਨਕ ਨੇ ਬਾਬਰ ਦੇ ਵਢੇਰੇ ਤਿਮੂਰ ਲੰਗ ਨੂੰ 7 ਪਾਤਸ਼ਾਹੀਆਂ ਮੱਟਣ ਕਸ਼ਮੀਰ ਵਿਖੇ ਬਖਸ਼ੀਆਂ ਸਨ। (ਤਿਮੂਰ ਲੰਗ : 1336-1405 ਈ)। (ਪ੍ਰੰਪਰਾ ਵਿਚ ਅਜਿਹੀਆਂ ਤਬਦੀਲੀਆਂ ਸੁਭਾਵਕ ਹਨ। ਹਰ ਕੋਈ ਇਤਹਾਸ ਦਾ ਜਾਣਕਾਰ ਨਹੀ ਹੁੰਦਾ। ਹੋ ਸਕਦੈ ਗਲ ਅਕਬਰ ਤੋਂ ਚਲੀ ਹੋਵੇ ਕਿ ਅਕਬਰ ਦੇ ਦਾਦੇ ਨੂੰ ਬਾਦਸ਼ਾਹੀ ਬਖਸ਼ੀ ਸੀ।)

⊙ Dabistan-i- Mazahib 1650AD ---His disciples narrate many of his miracles which cannot find room in this brief sketch. One of these that Nanak having been displeased with the Afghans deputed the Mughals over them. So in …1526AD….Babur gained victory over the Afghan Ibrahim. (ਪਪਪ: ਨਾਨਕ:-47)

ਸੋ ਉਤੇ ਅਸੀ ਵੇਖਦੇ ਹਾਂ ਕਿ ਲਗਪਗ ਸਾਰੇ ਦੇ ਸਾਰੇ ਪੁਰਾਤਨ ਇਤਹਾਸਿਕ ਸਿੱਖ ਸਰੋਤਾਂ ਵਿੱਚ ਦਰਜ ਹੈ ਕਿ ਗੁਰੂ ਸਾਹਿਬ ਨੇ ਮੁਗਲ ਰਾਜਾ ਬਾਬਰ ਨੂੰ ਹਿੰਦੁਸਤਾਨ ਦੀ ਬਾਦਸ਼ਾਹੀ ਬਖਸ਼ੀ ਸੀ।

ਬਖਸ਼ਸ਼ ਸੈਦਪੁਰ ਨਹੀ, ਕਾਬੁਲ ਹੋਈ ਸੀ - ਇਹ ਕੁਦਰਤੀ ਹੈ ਕਿ ਬਖਸ਼ਸ਼ ਵੇਲੇ ਹਾਲਾਤ ਸੁਖਾਵੇ ਹੋਣਗੇ ਤਾਂ ਹੀ ਗੁਰੂ ਸਾਹਿਬ ਅਸੀਸ ਦੇਣਗੇ। ਬਹੁਤੇ ਇਤਹਾਸਕਾਰਾਂ ਨੇ ਇਹ ਲਿਖ ਦਿੱਤਾ ਹੈ ਕਿ ਸੈਦਪੁਰ (ਏਮਨਾਬਾਦ) ਵਿਖੇ ਗੁਰੂ ਸਾਹਿਬ ਨੇ ਬਾਬਰ ਨੂੰ ਅਸੀਸ ਦਿੱਤੀ ਸੀ। ਜਦੋਂ ਕਿ ਸੈਦਪੁਰ ਵਿੱਚ ਤਾਂ ਉਸ ਮੌਕੇ ਕਤਲਾਮ ਕੀਤਾ ਸੀ ਬਾਬਰ ਨੇ। ਇਤਹਾਸ ਵਿੱਚ ਆਉਦਾ ਹੈ ਗੁਰੂ ਸਾਹਿਬ ਤਾਂ ਇਹ ਜੁਲਮ ਵੇਖ ਕੇ ਕਾਫੀ ਸਮਾਂ ਗੁੰਮ (ਬੇਹੋਸ਼) ਰਹੇ ਸਨ: (ਬਾਲਾ)। ਸੋ ਅਸੀਸ ਵਾਲੀ ਗੱਲ ਤਾਂ ਹੀ ਸੰਭਵ ਹੈ ਜੇ ਗੁਰੂ ਸਾਹਿਬ ਬਾਬਰ ਨੂੰ ਸੁਖਾਵੇਂ ਮਹੌਲ ਵਿਚ ਸੈਦਪੁਰ ਦੇ ਹਮਲੇ ਤੋਂ ਪਹਿਲਾਂ ਕਿਤੇ ਮਿਲੇ ਹੋਣ। ਫਿਰ ਕਾਬਲ ਵਿੱਚ ਚੱਕੀ ਵੀ ਮੌਜੂਦ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਬਾਬਰ ਨੇ ਗੁਰੂ ਸਾਹਿਬ ਕੋਲੋ ਪਿਸਾਈ ਸੀ। ਨਾਲੇ ਪੁਰਾਤਨ ਸਰੋਤ ਕਾਬੁਲ ਹੀ ਦੱਸਦੇ ਨੇ।

ਬਾਕੀ ਜਿਹੜੀ ਏਮਨਾਬਾਦ ਵਿਚ ਚੱਕੀ ਪੀਸਣ ਵਾਲੀ ਗਲ ਹੈ ਉਹ ਗਲਤ ਹੈ ਵੇਖੋ ਸਫਾ 345 । ਐਮਨਾਬਾਦ ਵਾਲੀ ਚੱਕੀ ਵਾਲੀ ਗਲ ਬਾਦ ਵਿਚ ਜੁੜੀ ਹੈ ਅੱਜ ਤੋਂ ਕੋਈ 120 ਸਾਲ ਪਹਿਲਾਂ।

ਨੇ ਵੀ ਉਨ੍ਹੰ ਝੁੱਕ ਕੇ ਸਲਾਮ ਕਿਹਾ।

ਬਾਬਰ ਨੇ ਗੁਰੂ ਸਾਹਿਬ ਦਾ ਤਾਅਰੁਫ (ਜਾਂ ਵਾਕਫੀਅਤ) ਪੁੱਛੀ।

ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਦਰਵੇਸ਼ ਬੰਦੇ ਦੀ ਵਾਕਫੀਅਤ ਕਾਹਦੀ। ਘਰ ਬਾਰ ਸੱਭ ਕੁਝ ਛੱਡੇ ਹੁੰਦੇ ਨੇ। ਫਕੀਰ ਦੀ ਬਸ ਮੰਜਿਲ ਇੱਕ ਹੀ ਹੁੰਦੀ ਹੈ: ਦੀਦਾਰ ਇ ਖੁਦਾ।

ਫਿਰ ਵੀ ਬਾਬਰ ਨੇ ਗੁਰੂ ਸਾਹਿਬ ਦਾ ਪਿੱਛੋਕੜ ਜਾਣਨ 'ਚ ਦਿਲਚਸਪੀ ਵਿਖਾਈ। ਗੁਰੂ ਸਾਹਿਬ ਨੇ ਦੱਸਿਆ ਕਿ ਮੈਂ ਲਹੌਰ ਲਾਗੇ ਦਾ ਜੰਮਪਲ ਹਾਂ ਤੇ ਕਿਸੇ ਵੇਲੇ ਦੌਲਤ ਖਾਂ ਲੋਧੀ ਦੀ ਖਿਦਮਤ ਵਿੱਚ ਕਰਦਾਰ ਰਿਹਾ ਹਾਂ।

ਦੌਲਤ ਖਾਂ ਦਾ ਨਾਂ ਸੁਣ ਕੇ ਬਾਬਰ ਦੀ ਦਿਲਚਸਪੀ ਹੋਰ ਜਾਗ ਉਠੀ ਤੇ ਉਸ ਨੇ ਦੌਲਤ ਬਾਬਤ ਕਈ ਤਰਾਂ ਦੇ ਸਵਾਲ ਪੁੱਛੇ। ਯਾਦ ਰਹੇ ਦੌਲਤ ਖਾਂ ਨੇ ਆਪ ਵੀ ਬਾਬਰ ਨੂੰ ਨਿਓਤਾ ਭੇਜਿਆ ਹੋਇਆ ਸੀ ਕਿ ਤੂੰ ਦਿੱਲੀ ਤੇ ਹਮਲਾ ਕਰ ਮੈਂ ਤੇਰਾ ਸਾਥ ਦੇਵੇਗਾਂ। ਫਿਰ ਹੁਣੇ ਹੁਣੇ ਬਾਬਰ, ਲੋਧੀ ਦੇ ਮੁੰਡਿਆਂ ਕੋਲੋਂ ਵੱਡਾ ਨਜ਼ਰਾਨਾ ਜਾਂ ਖਿਰਾਜ ਲੈ ਕੇ ਵੀ ਆਇਆ ਸੀ।

ਬਾਬਰ ਨੇ ਝੱਟ ਹੁਕਮ ਕੀਤਾ ਕਿ ਦਰਵੇਸ਼ ਨੂੰ ਵੀ ਪਿਆਲਾ ਦਿਓ।

ਗੁਰੂ ਸਾਹਿਬ ਨੇ ਨਾਂਹ ਕਰਦੇ ਹੋਏ ਕਿਹਾ ਕਿ ਮੈਂ ਤਾਂ ਨਾਮ ਦਾ ਪਿਆਲਾ ਪੀਂਦਾ ਹਾਂ ਜਿਹਦੀ ਖੁਮਾਰੀ ਲਹਿੰਦੀ ਹੀ ਨਹੀ।

ਬਾਬਰ ਕਹਿਣ ਲੱਗਾ ਕਿ ਐ ਦਰਵੇਸ਼ ਉਹ ਕਿਹੜੀ ਭੰਗ ਹੈ ਜਿਹੜੀ ਤੂੰ ਪੀਤੀ ਹੈ, ਜਿਹਦਾ ਨਸ਼ਾ ਉਤਰਦਾ ਹੀ ਨਹੀ?

ਗੁਰੂ ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ ਤੇ ਸ਼ਬਦ ਗਾਵਿਆ:

**ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥ ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ ॥੧॥ ਤਉ ਦਰਸਨ ਕੀ ਕਰਉ ਸਮਾਇ ॥ ਮੈ ਦਰਿ ਮਾਗਤੁ ਭੀਖਿਆ ਪਾਇ ॥੧॥ ਰਹਾਉ ॥ ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥ ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥੨॥ ਘਿਅ ਪਟ ਭਾਂਡਾ ਕਹੈ ਨ ਕੋਇ ॥ ਐਸਾ ਭਗਤੁ ਵਰਨ ਮਹਿ ਹੋਇ ॥ ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥ ਨਾਨਕ ਤਿਨ ਦਰਿ ਭੀਖਿਆ ਪਾਇ ॥੩॥੧॥੨॥** (ਤਿਲੰਗ ਮਹਲਾ ੧ ਘਰੁ ੨)

ਬਾਬਰ ਕਹਿਣ ਲੱਗਾ ਇਹਦਾ ਕੀ ਮਤਲਬ ਤਾਂ ਜਿਵੇ ਗੁਰੂ ਸਾਹਿਬ ਨੇ ਫਾਰਸੀ ਵਿੱਚ ਇਸ ਦਾ ਤਰਜਮਾ ਕੀਤਾ ਤਾਂ ਬਾਬਰ ਅੱਤ ਦੀ ਹਲੀਮੀ ਦਾ ਸ਼ਬਦ ਸੁਣ ਕੇ ਗਦ ਗਦ ਹੋ ਗਿਆ।

ਫਿਰ ਬਾਬਰ ਹਿੰਦੁਸਤਾਨ ਬਾਰੇ ਵਾਕਫੀਅਤ ਲੈਣ ਲਈ ਸਵਾਲ ਕਰਦਾ ਰਿਹਾ। ਕਿਉਕਿ ਗੁਰੂ ਸਾਹਿਬ ਨੇ ਪੂਰਾ ਹਿੰਦੁਸਤਾਨ ਗਾਹਿਆ ਹੋਇਆ ਸੀ। ਬਾਬਰ ਨੇ ਬਹੁਤ ਕੁਝ ਜਾਨਣਾ ਚਾਹਿਆ ਗੁਰੂ ਸਾਹਿਬ ਕੋਲੋ। ਖੁੱਲ ਕੇ ਗੱਲਾਂ ਹੋਈਆਂ।

ਫਿਰ ਗੁਰੂ ਸਾਹਿਬ ਨੇ ਸਵਾਲ ਕਰ ਦਿੱਤਾ ਕਿ ਬਾਬਰ ਤੂੰ ਦਰਵੇਸ਼ਾਂ ਨੂੰ ਕਿਓ ਸਤਾਓਨਾ ਏ?

ਬਾਬਰ ਨੇ ਕਿਹਾ ਕਿ ਇਹ ਲੋਕ (ਸਾਧੂ ਫਕੀਰ) ਮੁਆਸ਼ਰੇ (ਸਮਾਜ) ਤੇ ਬੋਝ ਹਨ। ਗੁਰੂ ਸਾਹਿਬ ਨੇ ਬੜੀ ਹਲੀਮੀ ਤੇ ਤਰੀਕੇ ਨਾਲ ਦਲੀਲ ਦੇ ਕੇ ਸਮਝਾਇਆ ਕਿ ਹਰ ਜੀਅ ਇਸ ਧਰਤੀ ਤੇ ਬੋਝ ਹੈ ਜਿਹੜਾ ਨਿਰੰਕਾਰ ਦੇ ਖੇਲ ਨੂੰ ਨਹੀ ਸਮਝਦਾ। ਇਸ ਸਮਾਜ ਵਿੱਚ ਹਰ ਕੋਈ ਸਾਫ ਦਿਖਣ ਵਿੱਚ ਪੈਦਾਵਾਰ ਨਹੀ ਕਰ ਰਿਹਾ ਹੁੰਦਾ। ਇਹ ਸਾਰੇ ਅੰਗ ਮਿਲਕੇ ਮੁਆਸ਼ਰਾ ਬਣਦਾ ਹੈ। ਮੁਆਸ਼ਰੇ ਵਿੱਚ ਵੰਨਗੀ ਹੈ।

ਗੁਰੂ ਸਾਹਿਬ ਨੇ ਬਾਬਰ ਨੂੰ ਉਪਦੇਸ਼ ਦਿੱਤਾ ਕਿ ਰੱਬ ਦੀ ਲੋਕਾਈ ਤੇ ਜ਼ੁਲਮ ਨਾਂ ਕਰਨਾਂ, ਖੁਦਾ ਤੁਹਾਡੀ ਮਦਦ ਕਰੇਗਾ। ਬਾਬਰ ਇਸ਼ਾਰੇ ਸਮਝ ਰਿਹਾ ਸੀ। ਬਾਦਸ਼ਾਹ ਕਹਿਣ ਲੱਗਾ ਜੀ ਜੇ ਅਸੀ ਸਖਤਾਈ ਨਾਂ ਕਰੀਏ ਤਾਂ ਕੋਈ ਨਹੀ ਹਕੂਮਤ ਮੰਨਦਾ।

ਗੁਰੂ ਸਾਹਿਬ ਨੇ ਬਾਬਰ ਨੂੰ ਕਿਹਾ ਕਿ ਇਹਨਾਂ ਦੁਖੀਏ ਦਰਦਵੰਦ ਸਾਧੂਆ ਫਕੀਰਾਂ ਦਰਵੇਸ਼ਾਂ ਨੂੰ ਫੜ੍ਹ ਕੇ ਤੈਨੂੰ ਕੀ ਹਾਸਲ ਹੋਵੇਗਾ, ਜੋ ਆਪਣਾ ਸਭ ਕੁਝ ਤਿਆਗ ਚੁੱਕੇ ਹਨ? ਉਹ ਕਹਿਣ ਲੱਗਾ ਕਿ ਇਹ ਵਿਹਲੜ ਲੋਕ ਐਵੇ ਸਮਾਜ ਤੇ ਬੋਝ ਹਨ। ਇਸ ਮੌਕੇ ਫਿਰ ਗੁਰੂ ਸਾਹਿਬ ਨੇ ਸਾਧੂਆਂ ਬਾਰੇ ਸ਼ਬਦ ਬੋਲਿਆਂ:

**ਆਸਾ ਘਰੁ ੪ ਮਹਲਾ ੧**

**ੴ ਸਤਿਗੁਰ ਪ੍ਰਸਾਦਿ ॥ ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥ ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥ ਤਉ ਕਾਰਣਿ ਸਾਹਿਬਾ ਰੰਗਿ ਰਤੇ ॥ ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥ ਰਹਾਉ ॥ ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥ ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥ ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥ ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥ ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥ ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥੧॥੩੩॥**

ਸ਼ਬਦ ਦਾ ਜਦੋਂ ਤਰਜਮਾ ਬਾਬਰ ਨੇ ਸੁਣਿਆ ਤਾਂ ਉਹ ਵੀ ਕਾਇਲ ਹੋ ਗਇਆ। ਗੁਰੂ ਸਾਹਿਬ ਦੀ ਇਸ ਬਾਣੀ ਦਾ ਨਾਲੋ ਨਾਲ ਕੋਈ ਖਤਰੀ ਤਰਜਮਾ ਕਰੀ ਜਾ ਰਿਹਾ ਸੀ।

ਬਾਬਰ ਇਹ ਸਭ ਸੁਣ ਕੇ ਬਹੁਤ ਪ੍ਰਭਾਵਤ ਹੋਇਆ ਤੇ ਉਸ ਨੇ

**ਖੋਜ ਸਾਰ**

**ਪਰ ਗੁਰੂ ਸਾਹਿਬ ਤਾਂ ਬਾਬਰ ਬਾਰੇ ਲਿਖਦੇ ਹਨ, " ਪਾਪ ਕੀ ਜੰਞ ਲੈ ਕਾਬਲਹੁ ਧਾਇਆ" ਨਾਲੇ ਬਾਬਰਨਾਮੇ ਵਿਚ ਗੁਰੂ ਸਾਹਿਬ ਦਾ ਕੋਈ ਜਿਕਰ ਨਹੀ**

ਅਜੋਕੇ ਕਈ ਲਿਖਾਰੀਆਂ ਨੇ ਬਖਸ਼ਸ਼ ਵਾਲੀ ਗਲ ਨੂੰ ਨਕਾਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਰਾਇ ਦਿੱਤੀ ਹੈ ਕਿ ਗੁਰੂ ਸਾਹਿਬ ਤੇ ਬਾਬਰ ਦਾ ਕੋਈ ਮੇਲ ਹੀ ਨਹੀ ਸੀ ਹੋਇਆ। ਉਹਨਾਂ ਦਾ ਕਹਿਣਾ ਹੈ ਕਿ ਪਹਿਲੀ ਗੱਲ ਤਾਂ ਬਾਬਰ ਨੇ ਆਪਣੇ ਜਿੰਦਗੀ ਨਾਮੇ ਵਿੱਚ ਅਜਿਹੀ ਕੋਈ ਗੱਲ ਲਿਖੀ ਹੀ ਨਹੀ, ਮਤਲਬ ਬਾਬੇ ਨਾਨਕ ਬਾਰੇ ਕੋਈ ਜਿਕਰ ਨਹੀ ਹੈ। 2. ਦੂਸਰਾ ਵੇਖੋ ਗੁਰੂ ਸਾਹਿਬ ਆਪਣੀ ਬਾਣੀ ਵਿੱਚ ਬਾਬਰ ਦੀ ਫੌਜ ਨੂੰ "ਪਾਪ ਕੀ ਜੰਞ" ਨਾਂ ਦਿੰਦੇ ਹਨ। ਜਿਵੇ "ਪਾਪ ਕੀ ਜੰਞ ਲੈ ਕਾਬਲਹੁ ਧਾਇਆ"

ਜਵਾਬ - ਹਾਂ ਗੁਰੂ ਸਾਹਿਬ ਨੇ ਦਿੱਲੀ ਦੇ ਤਖਤ ਦੀ ਬਖਸ਼ਸ਼ ਕੀਤੀ ਸੀ- ਇਸ ਗੱਲ ਦਾ ਸਬੂਤ ਹੈ ਕਿ ਪਹਿਲੀ ਗੱਲ ਤਾਂ 1. ਬਾਬਰਨਾਮੇ ਵਿੱਚ ਕਈ ਖਾਪੇ ਜਾਂ ਪਾੜੇ ਨੇ। ਖਾਸ ਕਰਕੇ ਡਾ. ਤ੍ਰਿਲੋਚਣ ਸਿੰਘ ਅਨੁਸਾਰ : ਪੰਜ ਪਾੜੇ ਇਸ ਪਰਕਾਰ ਨੇ (1) 1453-84 ਈ. (2) 1508-9 ਈ. (3) 1520-25 (4) ਅਪਰੈਲ ਤੋ ਸਤੰਬਰ 1528 ਈ. (5) 1529-30 ਈ. ਜਦੋਂ ਕਿ ਇਸ ਮਸਲੇ ਵਿੱਚ 1520-25 ਦਾ ਸਮਾ ਮਹੱਤਵਪੂਰਨ ਹੈ। ਜਿਸ ਕਾਰਨ ਬਾਬਰਨਾਮੇ ਵਿੱਚ ਗੁਰੂ ਸਾਹਿਬ ਦਾ ਜਿਕਰ ਨਹੀ ਆਉਦਾ। ਨਾਲੇ ਬਾਬਰ ਕਿਸੇ ਵੀ ਸੂਰਤ ਵਿੱਚ ਕਿਸੇ ਗੈਰ-ਮੁਸਲਿਮ ਦਰਵੇਸ਼ ਦੀ ਤਾਰੀਫ ਨਹੀ ਕਰਨਾਂ ਚਾਹੇਗਾ।

2. ਦੂਸਰਾ, ਪਾਪ ਕੀ ਜੰਞ ਕਹਿਣ ਵੇਲੇ ਗੁਰੂ ਸਾਹਿਬ ਨੇ ਯੁਧ ਵੇਲੇ ਲੋਕਾਈ ਦੀ ਪੀੜਾ ਮਹਿਸੂਸ ਕੀਤੀ ਹੈ ਤੇ ਨਾਲ ਹੀ ਕਿਹਾ ਹੈ ਕਿ ਇਹਨਾਂ ਲੋਕਾਂ ਨੇ ਰੱਬ ਨੂੰ ਭੁਲਾਇਆ ਹੋਇਆ ਸੀ। "ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥" ਅਗਲੀ ਗੱਲ ਜੋ ਉਨਾਂ ਕਹੀ ਹੈ ਕਿ ਜੋ ਕੁਝ ਹੋ ਰਿਹਾ ਹੈ ਨਿਰੰਕਾਰ ਦੇ ਹੁਕਮ ਵਿੱਚ ਹੋ ਰਿਹਾ ਹੈ। "ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥" (ਵਿਸਥਾਰ ਵਿੱਚ ਪੜਨ ਲਈ ਵੇਖੋ 'ਬਾਬਰਵਾਣੀ' ਪੰਨਾ 341)

3. ਬਖਸ਼ਸ਼ ਸੈਦਪੁਰ ਦੇ ਕਤਲਾਮ ਤੋਂ ਪਹਿਲਾਂ ਕਾਬੁਲ ਵਿਚ ਹੋਈ ਹੈ ਨਾਂ ਕਿ ਕਤਲਾਮ ਵੇਲੇ।

ਨਾਲੇ ਸਾਧੂ ਫਕੀਰ ਆਪਣੀ ਮੌਜ ਵਿੱਚ ਰਹਿੰਦੇ ਹਨ। ਜਦੋਂ ਕਿ ਗੁਰੂ ਸਾਹਿਬ ਦਾ ਤਾਂ ਮੰਨਿਆ ਹੋਇਆ ਹੈ ਕਿ ਉਹ ਪੂਰੀ ਤਰਾਂ ਨਿਰੰਕਾਰ ਦੀ ਰਜਾ ਵਿੱਚ ਰਹਿੰਦੇ ਸਨ।

ਹੁਕਮ ਕਰ ਦਿੱਤਾ ਕਿ ਇਨਾਂ ਫਕੀਰਾਂ ਦਰਵੇਸ਼ਾਂ ਜੋਗੀਆਂ ਸਾਧੂਆਂ ਸਭ ਨੂੰ ਤੁਰੰਤ ਰਿਹਾ ਕਰ ਦਿਓ।

ਇਸ ਤਰਾਂ ਦੀਆਂ ਕੁਝ ਗੱਲਾਂ ਬਾਤਾਂ ਹੋਈਆਂ। ਬਾਬਰ ਕਹਿਣ ਲੱਗਾ ਕਿ ਮੈਨੂੰ ਅਸ਼ੀਰਵਾਦ ਦਿਓ ਕਿ ਮੈਂ ਹਿੰਦੁਸਤਾਨ ਨੂੰ ਫਤਹਿ ਕਰਾਂ। ਗੁਰੂ ਸਾਹਿਬ ਨੇ ਉਨੂੰ ਅਸੀਸ ਦਿੱਤੀ ਕਿ ਤੂੰ ਦਿੱਲੀ ਦੇ ਤਖਤ ਤੇ ਬੈਠੇਂਗਾ। ਪਰ ਲੋਕਾਈ ਤੇ ਜੁਲਮ ਨਾਂ ਕਰੀ।

ਬਾਕੀ ਇਸ ਕਰਾਮਾਤੀ ਦਰਵੇਸ਼ ਦੇ ਮੂੰਹੋ ਇਹ ਲਫਜ਼ ਸੁਣ ਕੇ ਕਿ ਮੈਂ ਦਿੱਲੀ ਦੇ ਤਖਤ ਤੇ ਬੈਠਾਗਾਂ ਬਾਬਰ ਤਾਂ ਬਾਗੋ ਬਾਗ ਹੋ ਗਿਆ। ਬਾਦਸ਼ਾਹ ਦੀ ਖੁੱਸ਼ੀ ਕਰਕੇ ਚਾਰ ਚੁਫੇਰੇ ਖੁਸ਼ੀ ਫੈਲ ਗਈ। ਜਸ਼ਨ ਸ਼ੁਰੂ ਹੋ ਗਏ। ਬਾਬਰ ਦੇ ਘਰ ਪਹਿਲਾਂ ਹੀ ਖੁਸ਼ੀ ਦਾ ਮਹੌਲ ਸੀ ਕਿਉਕਿ ਬੱਚੇ ਨੇ ਜਨਮ ਲਿਆ ਸੀ।

ਇਨਾਂ ਹਾਲਾਤਾਂ ਨੂੰ ਵੇਖ ਸਭ ਨੂੰ ਅਹਿਸਾਸ ਹੋ ਗਇਆ ਕਿ ਹੁਣ ਹਿੰਦੁਸਤਾਨ ਦੀ ਮੁਹਿੰਮ ਸ਼ੁਰੂ ਹੋਈ ਕਿ ਹੋਈ।

—▲—

ਪੈੜ ਸਫ਼ਾ

## ਗੁਰੂ ਸਾਹਿਬ ਕਾਬੁਲ ਤੋਂ ਉੱਤਰ ਦੇ ਦੇਸਾਂ ਵਿੱਚ ਨਹੀ ਗਏ।

ਕਈ ਲਿਖਾਰੀਆਂ ਨੇ ਬਲਖ, ਸਮਰਕੰਦ, ਤਾਸ਼ਕੰਦ, ਬੁਖਾਰਾ, ਮਜ਼ਾਰੀ ਸ਼ਰੀਫ, ਬਗਲਾਨ, ਨਾਂਗਰਹਾਰ ਆਦਿ ਉੱਤਰੀ ਸ਼ਹਿਰਾਂ ਵਿੱਚ ਗੁਰੂ ਸਾਹਿਬ ਦੀ ਆਮਦ ਦਿਖਾ ਦਿਤੀ ਹੈ। ਇਥੇ ਅਸੀ ਇਨਾਂ ਇਤਹਾਸਕਾਰਾਂ ਨਾਲ ਸਹਿਮਤ ਨਹੀ ਹਾਂ। ਇਹਨਾਂ ਨੇ ਇਸ ਕਰਕੇ ਇਹ ਗਲ ਲਿਖ ਮਾਰੀ ਕਿਉਕਿ ਇਹਨਾਂ ਇਲਾਕਿਆ ਵਿਚ ਸਿੱਖ ਵਪਾਰੀ ਖਾਸ ਕਰਕੇ ਅਰੋੜੇ ਤੇ ਖੱਤਰੀ 17 ਵੀ ਤੋਂ 19 ਵੀ ਸਦੀ ਈ. ਵਿੱਚ ਜਾ ਵੱਸੇ ਸਨ। ਕੁਦਰਤੀ ਹੈ ਕਿ ਇਨਾਂ ਵਪਾਰੀਆਂ ਆਪਣੇ ਪੂਜਾ ਅਸਥਾਨ ਵੀ ਇਹਨਾਂ ਸ਼ਹਿਰਾਂ ਵਿਚ ਬਣਾਏ ਹੋਏ ਸਨ। ਜਿਸ ਤੋਂ ਪ੍ਰਭਾਵਤ ਹੋ ਕੇ ਲਿਖਾਰੀਆਂ ਨੇ ਗੁਰੂ ਸਾਹਿਬ ਦਾ ਇਹਨਾਂ ਥਾਂਵਾਂ ਤੇ ਜਾਣਾ ਵੀ ਲਿੱਖ ਦਿੱਤਾ।

ਇਨਾਂ ਕੁ ਜਰੂਰ ਹੋ ਸਕਦੈ ਕਿ ਸਾਹਿਬ 1520 ਈ. ਵਿਚ ਕਾਬੁਲ ਦੇ ਨੇੜੇ ਤੇੜੇ ਦੇ ਸ਼ਹਿਰਾਂ ਵਿਚ ਗਏ ਹੋਣ।

ਕੁਝ ਹਾਸੇ ਵਾਲੀ ਹੀ ਗੱਲ ਹੈ ਜਿਵੇ ਅਜੋਕੇ ਸਮਿਆਂ ਵਿੱਚ ਵੀ ਕਈ ਲਿਖਾਰੀ ਉਨਾਂ ਨੂੰ ਰੋਮ, ਫਰਾਂਸ, ਮਲੇਸ਼ੀਆ ਤੇ ਇਥੋਂ ਤੱਕ ਕਿ ਅਮਰੀਕਾ ਜਾਣਾ ਵੀ ਦੱਸ ਰਹੇ ਨੇ।

■ ਗਿਆਨੀ ਗਿਆਨ ਸਿੰਘ ਦੇ ਗੁਰਧਾਮ ਸੰਗ੍ਰਹਿ ਵਿੱਚ ਦੱਸੇ ਗਏ ਅਜਿਹੇ ਗੁਰਧਾਮਾਂ ਦਾ ਅਸਲ ਵਿੱਚ ਗੁਰੂ ਨਾਨਕ ਸਾਹਿਬ ਨਾਲ ਸਬੰਧ ਨਹੀ ਹੈ ਤੇ ਕੁਝ ਸਥਾਨ ਤਾਂ ਹੋਏ ਹੀ ਨਹੀ ਹਨ। ਕਿਸੇ ਇੱਕ ਲਿਖਾਰੀ ਕੋਲੋਂ ਗਲਤੀ ਹੋਈ ਤਾਂ ਉਪਰੰਤ ਹਰ ਲਿਖਾਰੀ ਮੱਖੀ ਤੇ ਮੱਖੀ ਮਾਰੀ ਜਾ ਰਹੇ ਨੇ। ✚

ਮਿਸਾਲ ਦੇ ਤੌਰ ਤੇ ਗਿਆਨੀ ਵਲੋ ਦੱਸੇ ਕੁਝ ਇਕ ਅਸਥਾਨਾਂ ਬਾਰੇ ਅਸੀ ਆਪਣੇ ਵੀਚਾਰ ਦਿੰਦੇ ਹਾਂ:-

ਘੜੂਕਾ ਪਹਾੜ - ਟਿੱਬੀ ਸਾਹਿਬ : ਸਾਨੂੰ ਤਾਂ ਇਹ ਥਾਂ ਨਕਸ਼ੇ ਤੇ ਕਿਤੇ ਨਹੀ ਮਿਲੀ।

ਕੋਠਾ ਸਾਹਿਬ ਅਸਕਾ - ਇਥੋਂ ਦੇ ਮਸ਼ਹੂਰ ਸ਼ਰਧਾਵਾਨ ਗੁਰਸਿੱਖ ਜਰੂਰ ਹੋਏ ਹਨ।

ਅਬਲੀਸ - ਅਬਲੀਸ ਦਰ ਅਸਲ ਈਰਾਨ ਵਿੱਚ ਹੈ। ਲਿਖਾਰੀ ਨੂੰ ਇਥੇ ਵੀ ਭੁਲੇਖਾ ਲੱਗਾ ਹੈ ਕਿਉਕਿ ਗੁਰੂ ਸਾਹਿਬ ਦੇ ਵਿਕਣ ਵਾਲੀ ਸਾਖੀ ਵਿੱਚ ਰੋਹੇਲੇ ਪਠਾਣਾਂ ਦੇ ਦੇਸ ਦਾ ਜਿਕਰ ਹੈ। ਵਿੱਕਣ ਵਾਲੀ ਘਟਨਾ ਅਸਲ ਵਿਚ ਉਤਰਾਖੰਡ ਵਿੱਚ ਹੋਈ ਸੀ। (ਵੇਖੋ ਸਫਾ 97) ਜਨਮ ਸਾਖੀ ਵਿਚ ਪਠਾਣਾਂ ਦਾ ਜਿਕਰ ਆਉਣ ਕਰਕੇ ਮਗਰਲੇ ਲਿਖਾਰੀਆਂ ਨੇ ਇਹ ਘਟਨਾ ਅਫਗਾਨਿਸਤਾਨ ਪਹੁੰਚਾ ਦਿੱਤੀ। ਵੇਖੋ:■ ਗੁਰੂ ਨਾਨਕ ਜੀ ਕੇ ਗੁਰਦੁਆਰੇ (ਤਾਰਾ ਸਿੰਘ ਨਰੋਤਮ)

ਪੰਡਤ ਅਰਜੁਨ ਮੁਨੀ ਨੇ ਵੀ 1923 ਈ ਵਿੱਚ ਕੁਝ ਅਜਿਹਾ ਹੀ ਲਿਖ ਦਿੱਤਾ ਹੈ। ਉਹ ਗੁਰੂ ਸਾਹਿਬ ਦੀ ਆਮਦ ਜਵੋਹੀ (ਉਜਬੇਕਿਸਤਾਨ) ਸਮਰਕੰਦ, ਬਾਕੂਨ, ਅੰਦੀਜਾਨ, ਕਰਮੀਨਾ, ਬੁਖਾਰਾ, ਮੈਮਨਾ, ਅਕਚਾ, ਮਜ਼ਾਰ ਸ਼ਰੀਫ, ਘੜੂਕਾ, ਆਦਿ ਸ਼ਹਿਰਾਂ ਵਿੱਚ ਵਿਖਾ ਰਹੇ ਹਨ।

ਸੋ ਅਫਗਾਨਿਸਤਾਨ, ਉਜਬੇਕਿਸਤਾਨ, ਤੁਰਕਮੈਨਿਸਤਾਨ ਆਦਿ ਮੁਲਕਾਂ ਵਿੱਚ ਜਿੱਥੇ ਜਿਥੇ ਗੁਰਸਿੱਖ ਹੁੰਦੇ ਸਨ, ਪੰਡਤ ਜੀ ਨੇ ਹਰ ਉਸ ਥਾਂ ਗੁਰੂ ਸਾਹਿਬ ਦਾ ਆਗਮਾਨ ਵਿਖਾ ਦਿੱਤਾ ਹੈ।

ਸੋ ਗੁਰੂ ਸਾਹਿਬ ਕਾਬਲ ਤੋਂ ਹੀ ਪਰਤ ਆਏ ਸਨ।

----◈-----

■ ਸ੍ਰੀ ਗੁਰ ਤੀਰਥ ਸੰਗ੍ਰਹ-ਤਾਰਾ ਸਿੰਘ ਨਿਰੋਤਮ -ਪਪਪ-69, ਗੁਰੁ ਨਾਨਕ ਸਾਹਿਬ ਕੇ ਅਸਥਾਨ- ਗਿਆਨੀ- ਪਪਪ-76, ਇਰਾਨ, ਇਰਾਕ,ਅਤੇ ਅਫਗਾਨਿਸਤਾਨ ਵਿਚ ਗੁਰੂ ਨਾਨਕ ਦੇ ਅਸਥਾਨ- ਕਵੀਰਾਜ ਪੰਡਿਤ ਅਰਜੁਨ ਮੁਨੀ-ਪਪਪ-91

● ਸਾਈਕਲ ਯਾਤਰੀ- 527 ਨੇ ਬਾਲਾਕੋਟ ਤੋਂ ਬੇਬੇ ਨਾਨਕੀ ਕੋਲ ਪਵਣ ਸਵਾਰ ਹੋ ਜਾਣਾ ਲਿਖਿਆ ਹੈ। ਪਰ ਲਿਖਿਆ ਹੈ ਕਿ ਸਵੇਰੇ ਹੀ ਲੋਕਾਂ ਨੂੰ ਪਤਾ ਲੱਗਣ ਤੋਂ ਪਹਿਲਾਂ ਵਾਪਸ ਬਾਲਾਕੋਟ ਪਹੁੰਚ ਗਏ ਸਨ।

ਅਸੀ ਸਮਝਦੇ ਹਾਂ ਕਿ ਇਹ ਘਟਨਾ ਕਾਬੁਲ ਜਾਂ ਲਾਗੇ ਚਾਗੇ ਵਾਪਰੀ ਸੀ। ਕਿਉਕਿ ਕਾਬੁਲ ਤੋਂ ਵਾਪਸ ਹੁੰਦੇ ਹੋਏ ਗੁਰੂ ਸਾਹਿਬ ਦਾ ਕਿਸੇ ਹੋਰ ਖਾਸ ਅਸਥਾਨ ਠਹਿਰਣਾ ਸਾਬਤ ਨਹੀ ਹੋ ਰਿਹਾ। ਜਾਂ ਹੋ ਸਕਦਾ ਕਾਬੁਲ ਤੋਂ ਕਾਹਲੀ ਨਾਲ ਪਰਤੇ ਹੋਣ। ਰੋਹਤਾਸ ਜਾਂ ਟਿੱਲਾ ਜੋਗੀਆਂ ਬਾਰੇ ਤਾਂ ਸਾਫ ਸਬੂਤ ਮਿਲਦੇ ਹਨ ਕਿ ਸਾਹਿਬ ਏਮਨਾਬਾਦ ਵਾਲੇ ਪਾਸੇ ਤੋਂ ਇਧਰ ਆਏ ਸਨ।

✚ ਮਿਸਾਲ ਦੇ ਤੌਰ ਤੇ ਵੇਖੋ ਕੋਹਲੀ- 164

## ਕੀ ਗੁਰੂ ਸਾਹਿਬ ਸਾਰਦਾ ਸ਼ਕਤੀਪੀਠ ਨਾਂ ਗਏ ਹੋਣਗੇ?

ਸਾਕਤ ਲੋਕਾਂ ਦੇ ਭਾਰਤ ਅੰਦਰ 52 ਪ੍ਰਸਿਧ ਧਾਰਮਿਕ ਅਸਥਾਨ ਹਨ। ਜਿੰਨਾਂ ਬਾਰੇ ਆਪਾਂ ਪਹਿਲਾਂ ਅਸਾਮ ਦੀ ਫੇਰੀ ਵੇਲੇ ਪੜ੍ਹ ਚੁੱਕੇ ਹਾਂ। ਉਤਰ ਭਾਰਤ ਦੇ ਪ੍ਰਸਿਧ ਸ਼ਾਕਤ ਸਥਾਨਾਂ ਵਿੱਚੋਂ ਸਾਰਦਾ ਸ਼ਕਤੀ ਪੀਠ ਵਿਦਵਤਾ ਦਾ ਕੇਂਦਰ ਰਿਹਾ ਹੈ। ਇਥੋਂ ਦੇ ਵਿਦਵਾਨਾਂ ਨੇ ਹੀ ਸਾਰਦਾ ਲਿਪੀ ਵਿਕਸਿਤ ਕੀਤੀ ਸੀ। ਕਸ਼ਮੀਰੀ ਲੋਕਾਂ ਦਾ ਕਹਿਣਾ ਹੈ ਕਿ ਪੁਰਾਣੇ ਸਮਿਆਂ ਵਿੱਚ ਸਾਰਦਾ ਲਿਪੀ ਹੀ ਪੰਜਾਬ ਵਿੱਚ ਚਲਦੀ ਸੀ। ਸਾਰਦਾ ਨਾਲ ਰਲਦੀ ਮਿਲਦੀ ਲਿਪੀ 'ਟਾਕਰੇ' ਹਿਮਾਚਲ ਦੇ ਪਹਾੜੀ ਮੰਦਰਾਂ ਵਿੱਚ ਮਿਲਦੀ ਹੈ। ਗੁਰਮੁਖੀ ਇਨਾਂ ਲਿਪੀਆਂ ਨਾਲ ਵਾਧੂ ਮਿਲਦੀ ਜੁਲਦੀ ਹੈ। ਸੋ ਇਸ ਵਿੱਚ ਕੋਈ ਸ਼ੱਕ ਨਹੀ ਰਹਿੰਦਾ ਕਿ ਸਾਰਦਾ ਤੇ ਗੁਰਮੁਖੀ ਭੈਣਾਂ ਭੈਣਾਂ ਨੇ।



**ਸ਼ਾਰਦਾ ਪੀਠ ਦੇ ਖੰਡਰਾਤ**

ਗੁਰੂ ਨਾਨਕ ਪਾਤਸ਼ਾਹ ਦੀ ਕਸ਼ਮੀਰ ਫੇਰੀ ਮੌਕੇ ਇਹ ਮੰਦਰ ਅਜੇ ਵੀ ਬਹੁਤ ਹਰਮਨ ਪਿਆਰਾ ਸੀ। ਜਿਸ ਤੋਂ ਸਾਬਤ ਹੋ ਜਾਂਦਾ ਹੈ ਕਿ ਕੋਈ ਕਾਰਨ ਨਹੀ ਬਣਦਾ ਕਿ ਗੁਰੂ ਸਾਹਿਬ ਇਥੇ ਨਾਂ ਆਏ ਹੋਣ। ਫਿਰ ਇਥੋਂ ਹੇਠਾਂ ਨੇੜੇ ਹੀ (ਦੂਰੀ 80 ਕਿ. ਮੀ.) ਬਾਲਾਕੋਟ ਦੇ ਸਥਾਨ ਤੇ ਗੁਰੂ ਸਾਹਿਬ ਦੇ ਆਉਣ ਦਾ ਪੱਕਾ ਸਬੂਤ ਥੜਾ ਸਾਹਿਬ ਹੈ। ਸੋ ਇਹ ਤਾਂ ਹੋ ਹੀ ਨਹੀ ਸਕਦਾ ਕਿ ਗੁਰੂ ਸਾਹਿਬ ਸਾਰਦਾ ਨਾਂ ਆਏ ਹੋਣ।

ਪਰ ਸਿੱਖ ਇਤਹਾਸ ਵਿਚ ਕਿਤੇ ਜਿਕਰ ਨਹੀ ਆਉਦਾ ਕਿ ਸਾਹਿਬ ਸ਼ਾਰਦਾ ਆਏ ਸਨ।

ਸਾਰਦਾ ਸ਼ਕਤੀਪੀਠ ਸਗੋ ਦੁਨੀਆ ਭਰ ਵਿੱਚ ਪ੍ਰਸਿੱਧ ਸੀ। ਚੀਨੀ ਯਾਤਰੀ ਹਿਊਨ ਸਾਂਗ ਲਿਖਦਾ ਹੈ ਕਿ ਮੈਂ ਇਥੇ ਦੋ ਸਾਲ ਰਿਹਾ। 1030 ਵਿੱਚ ਇਥੇ ਮੁਸਲਮਾਨ ਯਾਤਰੀ ਅਲ ਬਿਰੂਨੀ ਆਇਆ ਜਿਸ ਨੇ ਲਿਖਿਆ ਕਿ ਇਥੋਂ ਦਾ ਮੰਦਰ ਮੁਲਤਾਨ, ਸੋਮਨਾਥ ਤੇ ਕੁਰੂਖੇਤਰ ਦੇ ਮੰਦਰਾਂ ਦੇ ਬਰਾਬਰ ਦੀ ਅਹਿਮੀਅਤ ਵਾਲਾ ਹੈ। ਕਸ਼ਮੀਰ ਦੇ ਰਾਜੇ ਸਿਕੰਦਰ ਜਿਸ ਨੂੰ ਇਤਹਾਸ ਵਿੱਚ ਬੁਤਸ਼ਿਕਨ ਕਿਹਾ ਜਾਂਦਾ ਹੈ ਨੇ ਇਸ ਮੰਦਰ ਨੂੰ ਵੀ ਤਹਿਸ ਨਹਿਸ ਕੀਤਾ ਹੋਵੇਗਾ। ਪਰ ਸਬੂਤ ਮਿਲਦੇ ਹਨ ਕਿ ਮੰਦਰ ਤਾਂ 16 ਸਦੀ ਵਿੱਚ ਪ੍ਰਸਿੱਧ ਸੀ।

ਕਿਉਕਿ ਬਾਦਸ਼ਾਹ ਅਕਬਰ ਦੇ ਦੌਰ ਵਿੱਚ ਲਿਖੀ ਗਈ ਪੁਸਤਕ ਆਇਨ ਇ ਅਕਬਰੀ ਵਿੱਚ ਅਬੁਲ ਫਜ਼ਲ ਨੇ ਇਸ ਮੰਦਰ ਦੀ ਸੋਭਾ ਕੀਤੀ ਹੈ ਜਿਸ ਤੋਂ ਸਾਬਤ ਹੁੰਦਾ ਹੈ ਕਿ ਸਾਡਾ ਅੰਦਾਜ਼ਾ ਹੈ ਕਿ ਸਾਹਿਬ ਸ਼ਾਰਦਾ ਪੀਠ ਜਰੂਰ ਪਹੁੰਚੇ ਹੋਣਗੇ। ਹਾਂ ਇਤਹਾਸਕਾਰ ਵਾਸਤੇ ਇਹ ਦੁਬਿਧਾ ਜਰੂਰ ਬਣ ਸਕਦੀ ਹੈ ਕਿ ਗੁਰੂ ਸਾਹਿਬ ਸਕਰਦੂ ਵਲੋਂ ਆਏ, ਹਰਮੁੱਖ ਗੰਗਾ (ਅਮਰਨਾਥ ਪਾਸਿਓ) ਆਏ ਜਾਂ ਫਿਰ ਮੱਟਨ ਦੀ ਯਾਤਰਾ ਉਪਰੰਤ ਇਥੇ ਪਹੁੰਚੇ ਸਨ। ਹਾਂ ਮੇਲਾ ਸਾਰਦਾ ਵਿਖੇ ਵੀ ਸਾਉਣ ਦੇ ਮਹੀਨੇ ਹੀ ਲਗਦਾ ਸੀ। *

ਇਥੇ ਗੁਰੂ ਸਾਹਿਬ ਨੇ ਪੰਡਤਾਂ ਨੂੰ ਟੂਣਿਆਂ ਟਪਾਣਿਆਂ, ਜੰਤਰ, ਮੰਤਰ ਤੋਂ ਹਟਾ ਇੱਕ ਅਕਾਲ ਦੀ ਭਗਤੀ ਵਲ ਲਾਉਣਾ ਚਾਹਿਆ ਹੋਵੇਗਾ।

ਅੱਜ ਸਾਰਦਾ ਸ਼ਕਤੀਪੀਠ ਪਾਕਿਸਤਾਨ ਦੇ ਜਿਲਾ ਨੀਲਮ ਵਿੱਚ ਨੀਲਮ ਦਰਿਆ ਤੇ ਪੈਂਦਾ ਹੈ। ਮੰਦਰ ਦੇ ਸਿਰਫ ਖੰਡਰ ਹੀ ਬਚੇ ਨੇ।

----◈-----